Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਲੱਖ-ਲੱਖ ਵਧਾਈ

ਕੈਨੇਡੀਅਨ

# ਪੰਜਾਬੀ ਪੋਸਟ

Award Winning Newspaper Canadian Punjabi Post

Vol 19*Issue 231 | Monday, November 30, 2020 | Tel: 905-793-2202 | Fax: 905-793-2282 | news@punjabipost.ca


To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ, ਪਾਠਕਾਂ ਅਤੇ ਸਾਰੇ ਕਾਰੋਬਾਰੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰਿਆਂ ਲਈ ਖੁਸ਼ੀਆਂ, ਤੰਦਰੁਸਤੀ ਤੇ ਤਰੱਕੀਆਂ ਵਾਲਾ ਹੋਵੇ।**

## ਵੈਕਸੀਨ ਲਈ ਚੀਨ ਉੱਤੇ ਟੇਕ ਰੱਖਣ ਦੀ ਥਾਂ ਟਰੂਡੋ ਨੂੰ ਹੋਰ ਬਦਲਾਂ 'ਤੇ ਪਹਿਲਾਂ ਧਿਆਨ ਦੇਣਾ ਚਾਹੀਦਾ ਸੀ : ਓਟੂਲ



ਓਟਵਾ, 29 ਨਵੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਐਤਵਾਰ ਨੂੰ ਲਿਬਰਲ ਸਰਕਾਰ ਉੱਤੇ ਦੋਸ਼ ਲਾਉਂਦਿਆਂ ਆਖਿਆ ਕਿ ਕੋਵਿਡ-19 ਵੈਕਸੀਨ ਲਈ ਸਰਕਾਰ ਨੇ ਚੀਨ ਦੀ ਕੰਪਨੀ ਉੱਤੇ ਟੇਕ ਰੱਖਣ ਲਈ ਐਨਾ ਜ਼ੋਰ ਦਿੱਤਾ ਕਿ ਉਹ ਡੀਲ ਸਿਰੇ ਵੀ ਨਹੀਂ ਚੜ੍ਹ ਸਕੀ।

ਓਟੂਲ ਨੇ ਆਖਿਆ ਕਿ ਨੈਸ਼ਨਲ ਰਿਸਰਚ ਕਾਉਂਸਲ ਤੇ ਚੀਨ ਦੀ ਵੈਕਸੀਨ ਨਿਰਮਾਤਾ ਕੰਪਨੀ ਕੈਨਸੀਨੋ ਨਾਲ ਡੀਲ ਟੁੱਟ ਜਾਣ ਤੋਂ ਬਾਅਦ ਟਰੂਡੋ ਸਰਕਾਰ ਨੇ ਅਗਸਤ ਵਿੱਚ ਫਾਈਜ਼ਰ ਤੇ ਮੌਡਰਨਾ ਵਰਗੀਆਂ ਕੰਪਨੀਆਂ ਤੋਂ ਸੰਭਾਵੀ ਵੈਕਸੀਨ ਦੀਆਂ ਕਈ ਮਿਲੀਅਨ ਡੋਜ਼ਾਂ ਖਰੀਦਣ ਵੱਲ ਧਿਆਨ ਦਿੱਤਾ।

ਜ਼ਿਕਰਯੋਗ ਹੈ ਕਿ ਕਾਉਂਸਲ ਨੇ ਕੋਵਿਡ-19 ਵੈਕਸੀਨ ਲਈ ਕੈਨੇਡੀਅਨ ਬਾਇਓਲਾਜੀਕਲ ਪ੍ਰੋਡਕਟ ਦੀ ਵਰਤੋਂ ਕਰਨ ਲਈ ਕੈਨਸੀਨੋ ਨੂੰ ਲਾਇਸੰਸ ਜਾਰੀ ਕੀਤਾ ਸੀ। ਕੈਨਸੀਨੋ ਵੱਲੋਂ ਡਲਹੌਜ਼ੀ ਯੂਨੀਵਰਸਿਟੀ ਵਿਖੇ ਕੈਨੇਡੀਅਨ ਸੈਂਟਰ ਫੌਰ ਵੈਕਸੀਨੌਲੋਜੀ ਵਿਖੇ ਕਲੀਨਿਕਲ ਟ੍ਰਾਇਲ ਲਈ ਵੈਕਸੀਨ ਦੇ ਸੈਂਪਲ ਮੁਹੱਈਆ ਕਰਵਾਏ ਜਾਣੇ ਸਨ ਪਰ ਚੀਨੀ ਸਰਕਾਰ ਵੱਲੋਂ ਇਹ ਖੇਪ ਰੱਦ ਕਰ ਦਿੱਤੀ ਗਈ। ਸਵੇਰ ਵੇਲੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਓਟੂਲ ਨੇ ਆਖਿਆ ਕਿ ਟਰੂਡੋ ਨੂੰ ਆਪਣੇ ਹੱਥ ਵੱਢ ਕੇ ਚੀਨ ਹਵਾਲੇ ਨਹੀਂ ਸੀ ਕਰ ਦੇਣੇ ਚਾਹੀਦੇ ਤੇ ਵੈਕਸੀਨ ਲਈ ਸਾਰੀ ਟੇਕ ਚੀਨ ਉੱਤੇ ਹੀ ਨਹੀਂ ਸੀ ਰੱਖਣੀ ਚਾਹੀਦੀ।

ਟਰੂਡੋ ਸਰਕਾਰ ਨੇ ਬਹੁਤ ਬਾਅਦ ਵਿੱਚ ਫਾਈਜ਼ਰ ਤੇ ਮੌਡਰਨਾ ਵਰਗੀਆਂ ਕੰਪਨੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਤੇ ਅਗਸਤ ਵਿੱਚ ਕੈਨਸੀਨੋ ਨਾਲ ਭਾਈਵਾਲੀ ਟੁੱਟਣ ਤੋਂ ਬਾਅਦ ਵੈਕਸੀਨ ਖਰੀਦਣ ਦਾ ਐਲਾਨ ਕੀਤਾ ਗਿਆ। ਇੱਥੇ ਹੀ ਬੱਸ ਨਹੀਂ ਪਿਛਲੇ ਹਫਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਆਖ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਕਿ ਕੈਨੇਡੀਅਨਾਂ ਨੂੰ ਕੋਵਿਡ-19 ਵੈਕਸੀਨ ਲਈ ਥੋੜ੍ਹਾ ਜ਼ਿਆਦਾ ਇੰਤਜ਼ਾਰ ਕਰਨਾ ਪੈ ਸਕਦਾ ਹੈ ਕਿਉਂਕਿ ਇਹ ਵੈਕਸੀਨ ਪਹਿਲਾਂ ਉਨ੍ਹਾਂ ਦੇਸ਼ਾਂ ਦੇ ਬਸ਼ਿੰਦਿਆਂ ਨੂੰ ਹੀ ਮਿਲੇਗੀ ਜਿੱਥੇ ਉਹ ਤਿਆਰ ਹੋਵੇਗੀ। ਪਰ ਵੈਕਸੀਨ ਤਿਆਰ ਕਰਨ ਵਾਲੀ ਅਮਰੀਕੀ ਕੰਪਨੀ ਮੌਡਰਨਾ ਦੇ ਚੇਅਰਮੈਨ ਨੇ ਦੱਸਿਆ ਕਿ ਪਹਿਲਾਂ ਤੋਂ ਕੀਤੇ ਗਏ ਆਰਡਰ ਮੁਤਾਬਕ ਕੈਨੇਡਾ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੀ ਗਈ ਇਸ ਵੈਕਸੀਨ ਦੀਆਂ 20 ਮਿਲੀਅਨ ਡੋਜ਼ਾਂ ਜਲਦ ਹੀ ਮਿਲ ਜਾਣਗੀਆਂ।

ਇਸ ਦੌਰਾਨ ਓਟੂਲ ਨੇ ਆਖਿਆ ਕਿ ਆਰਥਿਕ ਰਿਕਵਰੀ ਨੂੰ ਤੇਜ਼ ਕਰਨ ਲਈ ਟਰੂਡੋ ਸਰਕਾਰ ਨੂੰ ਦੋ ਕੰਮ ਕਰਨੇ ਹੋਣਗੇ ਪਹਿਲਾ ਇਹ ਕਿ ਕੈਨੇਡੀਅਨਾਂ ਲਈ ਵੈਕਸੀਨ ਦੀ ਵੰਡ ਕਿਸ ਤਰ੍ਹਾਂ ਕੀਤੀ ਜਾਵੇਗੀ ਇਸ ਲਈ ਬਿਹਤਰ ਯੋਜਨਾ ਤਿਆਰ ਕਰਨ ਤੇ ਦੂਜਾ ਕੋਵਿਡ-19 ਟੈਸਟਾਂ ਦੀ ਗਿਣਤੀ ਵਿੱਚ ਵਾਧਾ ਕਰਨਾ।

## ਫੈਡਰਲ ਸਰਕਾਰ ਨੇ ਟਰੈਵਲ ਸਬੰਧੀ ਨਿਯਮਾਂ ਵਿੱਚ ਸਖ਼ਤੀ ਲਿਆਉਣ ਦਾ ਕੀਤਾ ਐਲਾਨ



ਓਟਵਾ, 29 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਦੇ ਮਾਮਲਿਆਂ ਵਿੱਚ ਦੇਸ਼ ਭਰ ਵਿੱਚ ਹੋ ਰਹੇ ਵਾਧੇ ਤੋਂ ਚਿੰਤਤ ਫੈਡਰਲ ਸਰਕਾਰ ਨੇ ਟਰੈਵਲ ਸਬੰਧੀ ਨਿਯਮਾਂ ਵਿੱਚ ਸਖ਼ਤੀ ਲਿਆਉਣ ਤੇ ਪਾਬੰਦੀਆਂ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ।

ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਤੇ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਦੀ ਗਲੋਬਲ ਆਊਟਬ੍ਰੇਕ ਸਮੇਂ ਲਾਗੂ ਕੀਤੇ ਗਏ ਨਿਯਮਾਂ ਨੂੰ ਹੀ ਹੁਣ 21 ਜਨਵਰੀ, 2021 ਤੱਕ ਪ੍ਰਭਾਵੀ ਰੱਖਿਆ ਜਾਵੇਗਾ। ਇਹ ਨਿਯਮ ਤੇ ਪਾਬੰਦੀਆਂ ਅਮਰੀਕਾ ਨੂੰ ਛੱਡ ਕੇ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਸਾਰੇ ਟਰੈਵਲਰਜ਼ ਉੱਤੇ ਲਾਗੂ ਹੋਣਗੀਆਂ। ਇਨ੍ਹਾਂ ਮੰਤਰੀਆਂ ਨੇ ਆਖਿਆ ਕਿ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਵਾਲੇ ਟਰੈਵਲਰਜ਼ ਉੱਤੇ ਪਾਬੰਦੀਆਂ 21 ਦਸੰਬਰ ਤੱਕ ਲਾਈਆ ਗਈਆਂ ਹਨ ਪਰ ਉਨ੍ਹਾਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

ਇਨ੍ਹਾਂ ਨਿਯਮਾਂ ਤਹਿਤ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਹਰ ਸ਼ਖਸ ਨੂੰ 14 ਦਿਨ ਲਈ ਸੈਲਫ ਆਈਸੋਲੇਸ਼ਨ ਵਿੱਚ ਜਾਣਾ ਹੋਵੇਗਾ। ਪਰ ਮੰਤਰੀਆਂ ਨੇ ਇਹ ਵੀ ਆਖਿਆ ਕਿ ਉਹ ਚਾਹੁੰਦੇ ਹਨ ਕਿ ਬਿਹਤਰੀਨ ਕਾਰਗੁਜ਼ਾਰੀ ਵਾਲੀਆਂ ਅਮੈਚਿਓਰ ਸਪੋਰਟਿੰਗ ਆਰਗੇਨਾਈਜ਼ੇਸ਼ਨਜ਼ ਕੈਨੇਡਾ ਵਿੱਚ ਵੱਡੇ ਕੌਮਾਂਤਰੀ ਖੇਡ ਮੁਕਾਬਲੇ ਕਰਵਾਉਣ। ਦੋਵਾਂ ਮੰਤਰੀਆਂ ਨੇ ਆਖਿਆ ਕਿ ਇਸ ਮਾਮਲੇ ਵਿੱਚ ਸਫਲ ਰਹਿਣ ਵਾਲੇ ਬਿਨੈਕਾਰਾਂ ਨੂੰ ਪਬਲਿਕ ਹੈਲਥ ਪਲੈਨ ਦੇਣਾ ਹੋਵੇਗਾ ਤੇ ਇਸ ਦੇ ਨਾਲ ਹੀ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਰਕਾਰ ਤੇ ਸਿਹਤ ਅਧਿਕਾਰੀਆਂ ਤੋਂ ਸਮਰਥਨ ਹਾਸਲ ਕਰਨ ਦਾ ਸਬੂਤ ਵੀ ਦੇਣਾ ਹੋਵੇਗਾ।

## ਬੱਸ ਨਾਲ ਟੱਕਰ ਕਾਰਨ 28 ਸਾਲਾ ਮੋਟਰਸਾਈਕਲ ਸਵਾਰ ਦੀ ਹੋਈ ਮੌਤ



ਮਿਸੀਸਾਗਾ, 29 ਨਵੰਬਰ (ਪੋਸਟ ਬਿਊਰੋ) : ਮੋਟਰਸਾਈਕਲ ਤੇ ਟਰਾਂਜ਼ਿਟ ਬੱਸ ਦਰਮਿਆਨ ਹੋਈ ਟੱਕਰ ਵਿੱਚ ਇੱਕ 28 ਸਾਲਾ ਵਿਅਕਤੀ ਦੀ ਮੌਤ ਹੋ ਗਈ। ਪੀਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਹਾਦਸਾ ਮੈਵਿਸ ਰੋਡ ਤੇ ਨੋਵੋ ਸਟਾਰ ਡਰਾਈਵ ਇਲਾਕੇ ਵਿੱਚ ਦੁਪਹਿਰੇ 1:30 ਵਜੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇੰਜ ਲੱਗਦਾ ਹੈ ਕਿ ਮਿਸੀਸਾਗਾ ਟਰਾਂਜ਼ਿਟ ਬੱਸ ਕਰਾਅਫੋਰਡ ਮਿੱਲ ਐਵਨਿਊ ਵੱਲ ਜਦੋਂ ਖੱਬੇ ਪਾਸੇ ਮੁੜੀ ਤਾਂ ਇਹ ਮੋਟਰਸਾਈਕਲ ਸਵਾਰ ਬੱਸ ਨਾਲ ਟਕਰਾ ਗਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਗੰਭੀਰ ਜ਼ਖ਼ਮੀ ਹਾਲਤ ਵਿੱਚ ਇਸ ਵਿਅਕਤੀ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਇਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਪਰਿਵਾਰਕ ਮੈਂਬਰ ਵੱਲੋਂ ਕੀਤੀ ਗਈ ਪੁਸ਼ਟੀ ਅਨੁਸਾਰ ਇਸ ਵਿਅਕਤੀ ਦਾ ਨਾਂ ਗਿਲਬਰਤੋ ਗਾਰਸ਼ੀਆ ਸੀ ਤੇ ਉਹ ਮਿਸੀਸਾਗਾ ਦਾ ਰਹਿਣ ਵਾਲਾ ਸੀ।

## ਘਰ 'ਚ ਪਾਰਟੀ ਕਰ ਰਹੇ 29 ਵਿਅਕਤੀਆਂ ਨੂੰ ਕੀਤਾ ਚਾਰਜ




ਮਿਸੀਸਾਗਾ, 29 ਨਵੰਬਰ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਘਰ ਵਿੱਚ ਕੀਤੀ ਗਈ ਪਾਰਟੀ ਤੋਂ ਬਾਅਦ 29 ਵਿਅਕਤੀਆਂ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪਾਰਟੀ ਵਿੱਚ 60 ਤੋਂ ਵੱਧ ਲੋਕਾਂ ਵੱਲੋਂ ਹਿੱਸਾ ਲਿਆ ਗਿਆ ਸੀ। ਇੱਕ ਘਰ ਵਿੱਚ ਹੋ ਰਹੀ ਪਾਰਟੀ ਦੀ ਖਬਰ ਮਿਲਣ ਤੋਂ ਬਾਅਦ ਪੀਲ ਪੁਲਿਸ ਨੇ ਬਾਇ-ਲਾਅ ਅਧਿਕਾਰੀਆਂ ਨਾਲ ਰਲ ਕੇ ਐਤਵਾਰ ਅੱਧੀ ਰਾਤ ਨੂੰ ਨਾਈਨਥ ਲਾਈਨ ਤੇ ਡੀਪਵੁੱਡ ਹਾਈਟਸ ਨੇੜੇ ਏਅਰਬੀਐਨਬੀ ਦੇ ਘਰ ਉੱਤੇ ਛਾਪਾ ਮਾਰਿਆ।


...ਬਾਕੀ ਪੰਨਾ 3 'ਤੇ



Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH DIRECTOR Member of ICCRC
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycreet Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵੱਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਦਾਰਾਂ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
SALE ON NOW!
GET 50% OFF LG K20
*WHEN YOU ACTIVATE A $40/MO
DATA, TALK, & TEXT PLAN OR HIGHER
12:30
20-09-2019
chatr
AUTHORIZED DEALER
379 Main St. North | Brampton ON
2456 Lake shore Blvd W. | Toronto ON
905-451-0379
*Offer available from November 27th - November 30th, 2020 and redeemable only at the above participating location(s) and subject to change without notice. Only applicable to new activations on a $40/mo or higher Data, Talk & Text plan or higher. Taxes are extra and while quantities last.™ Trademarks used under license © 2020

# ਓਸ਼ਵਾ ਵਿੱਚ ਵਾਪਰੀ ਦੋਹਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਹਲਾਕ, ਇੱਕ ਜ਼ਖ਼ਮੀ




ਓਸ਼ਵਾ, 29 ਨਵੰਬਰ (ਪੋਸਟ ਬਿਊਰੋ) : ਡਾਊਨਟਾਊਨ ਓਸ਼ਵਾ ਵਿੱਚ ਵਾਪਰੀ ਦੋਹਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਦਰਹਾਮ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਈ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਉਹ ਸਵੇਰੇ 10:30 ਵਜੇ ਐਥੋਲ ਸਟਰੀਟ ਨੇੜੇ ਸਿਮਕੋਏ ਸਟਰੀਟ ਪਹੁੰਚੇ। ਉਨ੍ਹਾਂ ਦੱਸਿਆ ਕਿ ਉੱਥੇ ਇੱਕ ਵਿਅਕਤੀ ਬੇਸੁੱਧ ਪਿਆ ਸੀ ਤੇ ਉਸ ਦੀ ਜਾਂਚ ਤੋਂ ਬਾਅਦ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਹੋਰ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟੋਰਾਂਟੋ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਘਟਨਾ ਦੀ ਅਸਲ ਥਾਂ ਦਾ ਪਤਾ ਲਾਉਣ ਲਈ ਹੈਲੀਕਾਪਟਰ ਦੀ ਮਦਦ ਵੀ ਲਈ ਗਈ ਕਿਉਂਕਿ ਉਨ੍ਹਾਂ ਨੂੰ ਇਹ ਰਿਪੋਰਟਾਂ ਮਿਲੀਆਂ ਸੀ ਕਿ ਇਹ ਗੋਲੀਆਂ ਕਿਸੇ ਘਰ ਵਿੱਚ ਜਾਂ ਕਿਸੇ ਘਰ ਦੀ ਛੱਤ ਉੱਤੇ ਵੀ ਚੱਲੀਆਂ ਹੋ ਸਕਦੀਆਂ ਹਨ। ਪੁਲਿਸ ਨੇ ਦੱਸਿਆ ਕਿ ਪਬਲਿਕ ਸੇਫਟੀ ਲਈ ਕੋਈ ਖਤਰਾ ਨਹੀਂ ਹੈ ਤੇ ਉਹ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ ਹਨ।

# ਘਰ 'ਚ ਪਾਰਟੀ ਕਰ ਰਹੇ 29 ਵਿਅਕਤੀਆਂ ਨੂੰ ਕੀਤਾ ਚਾਰਜ

.....ਪੰਨਾ 1 ਦਾ ਬਾਕੀ

ਡਿਪਟੀ ਪੁਲਿਸ ਚੀਫ ਮਾਰਕ ਐਂਡਰਿਊਜ਼ ਨੇ ਦੱਸਿਆ ਕਿ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਬਣਾਏ ਗਏ ਪ੍ਰੋਵਿੰਸ਼ੀਅਲ ਨਿਯਮਾਂ ਨੂੰ ਤੋੜਨ ਲਈ 27 ਵਿਅਕਤੀਆਂ ਨੂੰ 880 ਡਾਲਰ ਜੁਰਮਾਨਾ ਕੀਤਾ ਗਿਆ। ਇਸ ਪਾਰਟੀ ਦੇ ਦੋ ਮੇਜ਼ਬਾਨਾਂ ਨੂੰ ਪਾਰਟ 3 ਸੰਮਨ ਜਾਰੀ ਕੀਤੇ ਗਏ, ਜਿਸ ਤਹਿਤ ਇਨ੍ਹਾਂ ਨੂੰ 10,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ।

ਐਂਡਰਿਊਜ਼ ਨੇ ਆਖਿਆ ਕਿ ਇਸ ਸਮੇਂ ਸਾਰਿਆਂ ਲਈ ਹਾਲਾਤ ਕਾਫੀ ਨਾਸਾਜ਼ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਪਾਰਟੀ ਵਿੱਚ 60 ਦੇ ਨੇੜੇ ਤੇੜੇ ਲੋਕ ਸਨ ਪਰ ਕਈ ਪੁਲਿਸ ਦੇ ਪਹੁੰਚਣ ਉੱਤੇ ਭੱਜ ਗਏ। ਦੋ ਵਿਅਕਤੀਆਂ ਵੱਲੋਂ ਪੁਲਿਸ ਨੂੰ ਆਪਣੀ ਪਛਾਣ ਦੱਸੇ ਜਾਣ ਤੋਂ ਇਨਕਾਰ ਕੀਤੇ ਜਾਣ ਕਾਰਨ ਉਨ੍ਹਾਂ ਉੱਤੇ ਨਿਆਂ ਵਿੱਚ ਵਿਘਣ ਪਾਉਣ ਦੇ ਚਾਰਜਿਜ਼ ਲਾਏ ਗਏ ਹਨ। ਇੱਥੇ ਦੱਸਣਾ ਬਣਦਾ ਹੈ ਕਿ ਪੀਲ ਵਿੱਚ ਇਸ ਸਮੇਂ ਲਾਕਡਾਊਨ ਚੱਲ ਰਿਹਾ ਹੈ। ਜਿਸ ਤਹਿਤ ਇੱਥੇ ਇੰਡੋਰ ਇੱਕਠ ਕਰਨ ਉੱਤੇ ਪਾਬੰਦੀ ਹੈ। ਮਿਸੀਸਾਗਾ ਦੀ ਮੇਅਰ ਬ੍ਰੌਨੀ ਕ੍ਰੌਂਬੀ ਨੇ ਆਖਿਆ ਕਿ ਐਨੇ ਵੱਡੇ ਇੱਕਠ ਦੀ ਖਬਰ ਸੁਣ ਕੇ ਉਨ੍ਹਾਂ ਨੂੰ ਕਾਫੀ ਨਮੋਸ਼ੀ ਹੋਈ ਹੈ।




# ਦਿੱਲੀ ਬਾਰਡਰ ਤੋਂ ਕਿਸਾਨਾਂ ਦਾ ਐਲਾਨ: 'ਬੁਰਾੜੀ ਖੁੱਲ੍ਹੀ ਜੇਲ੍ਹ ਹੈ, ਓਥੇ ਕਦੇ ਨਹੀਂ ਜਾਵਾਂਗੇ'

## * ਕਿਸਾਨਾਂ ਵਲੋਂ ਦਿੱਲੀ ਦੇ 5 ਨੈਸ਼ਨਲ ਹਾਈਵੇ ਰੂਟ ਰੋਕਣ ਦਾ ਫ਼ੈਸਲਾ



ਨਵੀਂ ਦਿੱਲੀ, 29 ਨਵੰਬਰ, (ਪੋਸਟ ਬਿਊਰੋ)- ਦਿੱਲੀ ਦੇ ਬਾਹਰ ਸਿੰਘੂ ਬਾਰਡਰ ਉੱਤੇ ਡਟੀਆਂ ਕਿਸਾਨ ਜਥੇਬੰਦੀਆਂ ਨੇ ਅੱਜ ਐਤਵਾਰ ਸ਼ਾਮ ਪ੍ਰੈੱਸ ਕਾਨਫਰੰਸ ਕਰ ਕੇ ਐਲਾਨ ਕਰ ਦਿਤਾ ਹੈ ਕਿ ਭਾਰਤ ਸਰਕਾਰ ਨੇਉਨ੍ਹਾਂ ਨੂੰ ਬੁਰਾੜੀ ਵਿੱਚਜਾ ਕੇ ਪ੍ਰਦਰਸ਼ਨ ਕਰਨ ਦੀ ਜਿਹੜੀ ਪੇਸ਼ਕਸ਼ ਕੀਤੀ ਹੈ, ਉਸ ਨੂੰ ਉਹ ਰੱਦ ਕਰਦੇ ਹਨ।

ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ 'ਅਸੀਂ ਸਰਕਾਰ ਨਾਲਸਿਰਫ ਬਿਨਾਂ ਸ਼ਰਤ ਗੱਲਬਾਤ ਕਰਨਾ ਚਾਹੁੰਦੇ ਹਾਂ। ਬੁਰਾੜੀ ਖੁੱਲ੍ਹੀ ਜੇਲ੍ਹ ਵਾਂਗ ਹੈ, ਉਹ ਅੰਦੋਲਨ ਦੀ ਥਾਂ ਨਹੀਂ, ਓਥੇ ਅਸੀਂ ਨਹੀਂ ਜਾਵਾਂਗੇ।' ਉਨ੍ਹਾਂ ਨਾਲ ਇਹ ਵੀ ਕਿਹਾ ਕਿ 'ਸਾਡੇ ਕੋਲ ਵੱਡੀ ਮਾਤਰਾ ਵਿੱਚ ਰਾਸ਼ਨ ਹੈ, ਅਸੀਂ ਚਾਰ ਮਹੀਨੇ ਸੜਕਾਂ ਉੱਤੇ ਬੈਠ ਸਕਦੇ ਹਾਂ। ਜੇ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ ਤਾਂ ਅਸੀਂ ਅੰਦੋਲਨ ਹੋਰ ਤੇਜ਼ ਕਰਾਂਗੇ ਅਤੇ ਅਸੀਂ ਦਿੱਲੀ ਵਿੱਚ ਪਹੁੰਚਦੇ ਪੰਜੇ ਨੈਸ਼ਨਲ ਹਾਈਵੇ ਜਾਮ ਕਰਨ ਦਾ ਫ਼ੈਸਲਾ ਕਰ ਲਿਆ ਹੈ।'

ਇਸ ਦੌਰਾਨਇੱਕ ਵਾਰ ਫਿਰ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰਦੇ ਹੋਏ ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਦੇ ਕਿਸਾਨਾਂ ਪ੍ਰਤੀ ਵਤੀਰੇ ਦੀ ਨਿੰਦਾ ਕੀਤੀ ਹੈ।

ਅੱਜ ਸ਼ਾਮ ਦੀ ਪ੍ਰੈੱਸ ਕਾਨਫਰੰਸ ਵਿੱਚ ਕਿਸਾਨ ਆਗੂਆਂਦੇ ਐਲਾਨਾਂ ਮੁਤਾਬਕ ਪਹਿਲੀ ਗੱਲ ਇਹ ਹੈ ਕਿ ਬੁਰਾੜੀ ਦੇ ਮੈਦਾਨ ਵਿੱਚ ਜਾ ਕੇ ਧਰਨਾ ਲਾਉਣ ਦੀ ਕੇਂਦਰ ਸਰਕਾਰ ਦੀ ਪੇਸ਼ਕਸ਼ ਸਾਨੂੰ ਮਨਜ਼ੂਰ ਨਹੀਂ, ਇਸ ਨੂੰ ਅਸੀਂਰੱਦ ਕਰ ਦਿੱਤਾ ਹੈ, ਕਿਉਂਕਿ ਬੁਰਾੜੀ ਦਾ ਮੈਦਾਨ ਓਪਨ (ਖੁੱਲ੍ਹੀ) ਜੇਲ੍ਹ ਹੈ। ਦੂਸਰੀ ਗੱਲ ਕਿ ਕਿਸਾਨ ਜਥੇਬੰਦੀਆਂ ਕੇਂਦਰ ਦੀ ਕਿਸੇ ਵੀ ਸ਼ਰਤ ਉੱਤੇਉਸ ਨਾਲ ਗੱਲਨਹੀਂ ਕਰਨਗੀਆਂ। ਦੂਸਰੀ ਗੱਲ ਕਿ ਖੇਤੀ ਕਾਨੂੰਨ ਵਾਪਸ ਲਏ ਜਾਣ ਤੇ ਪਰਾਲੀ ਨੂੰ ਅੱਗ ਲਾਉਣਵਿਰੁੱਧ ਬਣਾਏ ਇਕ ਕਰੋੜ ਰੁਪਏ ਜੁਰਮਾਨੇ ਅਤੇ ਪੰਜ ਸਾਲ ਦੀ ਸਜ਼ੇ ਫਾਰਮੂਲੇ ਨੂੰ ਵਾਪਸ ਲਿਆ ਜਾਵੇ। ਤੀਸਰੀ ਗੱਲ ਇਹ ਕਿ ਕਿਸਾਨਾਂ ਲਈਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਗਰੰਟੀ ਅਤੇ ਫ਼ਸਲਾਂ ਨੂੰ ਹਰ ਹਾਲਤ ਖਰੀਦਣ ਦੀ ਗਰੰਟੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਦਿੱਲੀ ਨੂੰ ਜੋੜਦੇ ਸਾਰੇ ਪੰਜ ਨੈਸ਼ਨਲ ਹਾਈਵੇਜ਼ ਨੂੰ ਸੀਲ ਕੀਤਾ ਜਾਵੇਗਾ। ਉਨ੍ਹਾਂ ਇਹ ਐਲਾਨ ਵੀ ਦੁਹਰਾਇਆ ਕਿ ਕਿਸਾਨਾਂ ਦੀਆਂ ਸਟੇਜਾਂਉੱਤੇ ਕਿਸੇ ਵੀ ਸਿਆਸੀ ਆਗੂ ਨੂੰ ਨਾ ਆਉਣ ਦਿੱਤਾ ਜਾਵੇਗਾ ਅਤੇ ਨਾ ਬੋਲਣ ਦਿੱਤਾ ਜਾਵੇਗਾ।

ਵਰਨਣ ਯੋਗ ਹੈ ਕਿ ਦਿੱਲੀ ਪਹੁੰਚੇ ਹਜ਼ਾਰਾਂ ਕਿਸਾਨਾਂ ਦਾ ਧਰਨਾ ਲਗਾਤਾਰ ਤੀਜੇ ਦਿਨ ਸਿੰਘੂ ਤੇ ਟਿਕਰੀ ਬਾਰਡਰ ਉੱਤੇਲੱਗਾ ਹੋਇਆ ਹੈ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਨੂੰ ਅਪੀਲ ਕੀਤੀ ਸੀ ਕਿ ਉਹ ਬੁਰਾੜੀ ਵਿੱਚ ਸੰਤ ਨਿਰੰਕਾਰੀ ਸਤਸੰਗ ਗਰਾਊਂਡ ਵਿੱਚ ਚਲੇ ਜਾਣ, ਪਰਕਿਸਾਨਾਂ ਨੇ ਇਹ ਪੇਸ਼ਕਸ਼ ਠੁਕਰੀ ਦਿੱਤਾ ਹੈ।

# ਉੱਤਰ ਪ੍ਰਦੇਸ਼ ਦੇ ਕਿਸਾਨ ਵੀ ਗਾਜ਼ੀਪੁਰ ਦੇ ਬਾਰਡਰ ਦਾ ਬੈਰੀਕੇਡ ਤੋੜ ਕੇ ਦਿੱਲੀ ਆਣ ਪਹੁੰਚੇ



ਨਵੀਂ ਦਿੱਲੀ, 29 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਪ੍ਰਦਰਸ਼ਨਕਾਰੀ ਕਿਸਾਨ ਭਾਰਤ ਦੀ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਡਟੇ ਹੋਏ ਹਨ। ਪਹਿਲਾਂ ਇਕ ਪਾਸੇ ਦਿੱਲੀ ਦੇ ਸਿੰਘੂ ਤੇ ਟਿਕਰੀ ਬਾਰਡਰਾਂ ਉੱਤੇ ਪੰਜਾਬ ਤੇ ਹਰਿਆਣੇ ਦੇ ਕਿਸਾਨ ਡਟੇ ਹੋਏ ਸਨ, ਅੱਜ ਉੱਤਰ ਪ੍ਰਦੇਸ਼ ਬਾਰਡਰ ਉੱਤੇਓਧਰਲੇ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਰਾਕੇਸ਼ ਟਿਕੈਤ ਦੀ ਅਗਵਾਈ ਵਿੱਚ ਹਜ਼ਾਰਾਂ ਕਿਸਾਨ ਆਣ ਡਟੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਪੀਲ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ'ਮਨ ਕੀ ਬਾਤ' ਪ੍ਰੋਗਰਾਮ ਵਿਚ ਕਿਸਾਨਾਂ ਨੂੰ ਨਵੇਂ ਖੇਤੀ ਕਾਨੂੰਨਾਂ ਦੇ ਫਾਇਦੇ ਦੱਸਣ ਦੇ ਬਾਵਜੂਦ ਕਿਸਾਨ ਪਿੱਛੇ ਹਟਣ ਨੂੰ ਤਿਆਰਨਹੀਂ। ਅੱਜ ਗਾਜ਼ੀਪੁਰ ਬਾਰਡਰ ਉੱਤੇ ਕਿਸਾਨ ਏਨੇ ਰੋਹ ਵਿੱਚ ਆ ਗਏ ਕਿ ਉਨ੍ਹਾਂ ਨੇ ਪੁਲਸ ਦੇ ਬੈਰੀਕੇਡਸ ਤੋੜ ਦਿੱਤੇ ਅਤੇ ਅੱਗੇ ਲੰਘ ਆਏ।

ਵਰਨਣ ਯੋਗ ਹੈ ਕਿ ਅੱਜ ਐਤਵਾਰ ਦੁਪਹਿਰ ਯੂ ਪੀ ਬਾਰਡਰ ਉੱਤੇ ਕਿਸਾਨਾਂ ਦੇ ਜ਼ੋਰਦਾਰ ਇਕੱਠ ਮੌਕੇ ਕਿਸਾਨਾਂ ਨੇ ਦਿੱਲੀ-ਪੁਲਸ ਦੇ ਬੈਰੀਕੇਡਸ ਤੋੜ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੇ ਇਸ ਜੋਸ਼ੀਲੇ ਪ੍ਰਦਰਸ਼ਨ ਨੂੰ ਵੇਖਣ ਮਗਰੋਂ ਪੁਲਸ ਨੇ ਕੁਝ ਸ਼ਰਤ ਨਾਲ ਕਿਸਾਨਾਂ ਨੂੰ ਦਿੱਲੀ ਵਿਚ ਐਂਟਰੀ ਕਰਨ ਦੀ ਖੁੱਲ੍ਹ ਦੇ ਦਿੱਤੀ। ਪੁਲਸ ਨੇ ਉਨ੍ਹਾਂ ਨੂੰ ਟਰੈਕਟਰਾਂ ਤੋਂ ਬਿਨਾਂ ਗਾਜ਼ੀਪੁਰ ਬਾਰਡਰ ਤੋਂ ਦਿੱਲੀ ਵਿਚ ਐਂਟਰੀ ਦੀ ਇਜਾਜ਼ਤ ਦਿੱਤੀ, ਪਰ ਕਿਸਾਨ ਇਸ ਗੱਲ ਉੱਤੇਨਹੀਂਮੰਨੇ। ਉਹ ਅਗਲੀ ਰਣਨੀਤੀ ਤੈਅ ਹੋਣ ਤੱਕ ਗਾਜ਼ੀਪੁਰ ਬਾਰਡਰ ਉੱਤੇ ਡਟੇ ਹੋਏ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol Broker

CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

"Your neighborhood broker, Call Paramjit Deol Today"

**Mississauga $749,000**
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਔਕੜ ਵਿੱਚ ਹੈ ਭਾਰਤ ਦਾ ਅੰਨ-ਦਾਤਾ,
ਲਾਰੇ ਲੱਗਣ, ਪਰ ਮਿਲੇ ਨਾ ਕੱਖ ਬੇਲੀ।
ਸਾਰੇ ਈ ਆਖਦੇ, ਅਸੀਂ ਹਾਂ ਨਾਲ ਤੇਰੇ,
ਡਰ ਨਹੀਂ ਦੂਲਿਆ, ਹੌਸਲਾ ਰੱਖ ਬੇਲੀ।
ਅਭੀ-ਨਭੀ ਵਿੱਚ ਛੱਡਾਂਗੇ ਸਾਥ ਨਾਹੀਂ,
ਝੱਖੜ ਝੁੱਲਦੇ ਰਹਿਣ ਜਦ ਲੱਖ ਬੇਲੀ।
ਗੱਲਾਂ ਕਰਦੇ ਆਕਾਸ਼ ਨੂੰ ਲਾਉਣ ਟਾਕੀ,
ਅੰਦਰੋਂ ਨੀਤ ਸਭ ਦੀ ਵੱਖੋ-ਵੱਖ ਬੇਲੀ।
ਰਾਜਸੀ ਲੀਡਰ ਨਾ ਕਿਸੇ ਦੇ ਮਿੱਤ ਹੁੰਦੇ,
ਮਤਲਬ ਬਿਨਾਂ ਨਹੀਂ ਮਾਰਦੇ ਝੱਖ ਬੇਲੀ।
ਸਾਲ ਸਵਾ ਨੂੰ ਆਉਂਦੀ ਹੈ ਚੋਣ ਸਾਹਵੇਂ,
ਸਭ ਦੀ ਓਸੇ ਦੇ ਉੱਪਰ ਹੈ ਅੱਖ ਬੇਲੀ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਨੇ ਕਿਹਾ: ਕਾਲ ਰਿਕਾਰਡ ਜਾਰੀ ਕਰਨ ਕਰ ਕੇ ਖੱਟਰ ਦਾ ਪਾਖੰਡ ਜ਼ਾਹਰ ਹੋ ਗਿਐ

### * ਸੰਪਰਕ ਲਈ ਉਸ ਨੇ ਸਰਕਾਰੀ ਚੈਨਲ ਕਿਉਂ ਨਾ ਵਰਤਿਆ

ਚੰਡੀਗੜ੍ਹ, 29 ਨਵੰਬਰ, (ਪੋਸਟ ਬਿਊਰੋ)- ਕਿਸਾਨਾਂ ਦੇ ਸੰਘਰਸ਼ ਵਿੱਚ ਪੰਜਾਬ ਤੇ ਹਰਿਆਣਾ ਸਰਕਾਰਾਂ ਦੇ ਤਾਲਮੇਲ ਦੇ ਮੁੱਦੇ ਕਾਰਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਵਿਚਾਲੇ ਸ਼ੁਰੂ ਹੋਈ 'ਤੂੰ-ਤੂੰ-ਮੈਂ-ਮੈਂ' ਹੋਰ ਤੇਜ਼ ਹੁੰਦੀ ਜਾਪਦੀ ਹੈ। ਹਰਿਆਣਾ ਦੇ ਮੁਖ ਮੰਤਰੀ ਵਲੋਂ ਕੈਪਟਨ ਅਮਰਿੰਦਰ ਸਿੰਘ ਨਾਲ ਸੰਪਰਕ ਕਰਨ ਦੇ ਯਤਨਾਂ ਦੇ ਸਬੂਤ ਵਜੋਂ ਕਾਲ ਰਿਕਾਰਡ ਦੀ ਕਾਪੀ ਜਾਰੀ ਕੀਤੇ ਜਾਣ ਮਗਰੋਂ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਵੀ ਮੋੜਵਾਂ ਜਵਾਬ ਦਾਗ ਦਿਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰਵਲੋਂ ਜਾਰੀ ਕੀਤੇ ਕਾਲ ਰਿਕਾਰਡ ਨੂੰ ਨਿਰਾ ਢਕਵੰਜ ਦੱਸਕੇ ਰੱਦ ਕੀਤਾ ਹੈ। ਉਨ੍ਹਾਂਕਿਹਾ ਕਿ ਸਿਰਫ ਆਪਣੇ ਸਰਕਾਰੀ ਰਜਿਸਟਰ ਦੀ ਲਿਖਤਾਂ ਵਾਲਾਸਫਾ ਦਿਖਾਉਣ ਨਾਲ ਮਨੋਹਰ ਲਾਲ ਖੱਟਰ ਦਾ ਝੂਠ ਢੱਕਿਆਨਹੀਂਜਾ ਸਕਦਾ, ਜੇ ਉਹ ਸੱਚ-ਮੁੱਚ ਸੰਪਰਕ ਕਰਨਾ ਚਾਹੁੰਦੇ ਸਨ ਤਾਂ ਉਹ ਸਰਕਾਰੀ ਚੈਨਲ ਵਰਤ ਸਕਦੇ ਸਨ ਜਾਂ ਸਿੱਧਾ ਉਨ੍ਹਾਂ ਦੇ ਮੋਬਾਈਲ ਫੋਨ ਉੱਤੇ ਕਾਲ ਕਰ ਸਕਦੇ ਸਨ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਅਪਣੇ ਦਾਅਵੇ ਨੂੰ ਸਹੀ ਸਾਬਤ ਕਰਨ ਦੇ ਯਤਨਾਂ ਨੂੰਰੱਦ ਕਰਦੇ ਹੋਏ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਲ ਰਿਕਾਰਡ ਦੀਆਂ ਜਿਨ੍ਹਾਂ ਕਾਪੀਆਂ ਵਿਚ ਹਰਿਆਣਾ ਦੇ ਮੁੱਖ ਮੰਤਰੀ ਵਾਲੇ ਦਫਤਰ ਵੱਲੋਂਮੇਰੇ ਨਾਲ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਦੱਸਣ ਦਾ ਯਤਨ ਕੀਤਾ ਗਿਆ ਹੈ, ਉਨ੍ਹਾਂ ਨੂੰ ਜਾਰੀ ਕਰਨ ਨਾਲ ਮਨੋਹਰ ਲਾਲ ਖੱਟਰ ਦਾ ਪਾਖੰਡਦਾ ਹੋਰ ਨੰਗਾ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, 'ਜੇ ਖੱਟਰ ਦੇ ਦਫਤਰ ਨੇ ਮੇਰੀ ਰਿਹਾਇਸ਼ ਉੱਤੇ ਕਾਲਾਂ ਕੀਤੀਆਂ ਵੀ ਸਨ ਤਾਂ ਇਹ ਕਾਲਾਂ ਸਿਰਫ ਇਕ ਅਟੈਡੈਂਟ ਨੂੰ ਹੀ ਕਿਉਂ ਕੀਤੀਆਂ ਸਨ, ਮੇਰੇ ਨਾਲ ਸੰਪਰਕ ਕਰਨ ਲਈ ਸਰਕਾਰੀ ਢੰਗਕਿਉਂਨਾ ਵਰਤਿਆ?' ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਵੱਡੇ ਅਧਿਕਾਰੀ, ਜਿਨ੍ਹਾਂ ਵਿੱਚ ਪ੍ਰਿੰਸੀਪਲ ਸੈਕਟਰੀ, ਪੁਲਸ ਮੁਖੀ (ਡੀ ਜੀ ਪੀ) ਸ਼ਾਮਲ ਹਨ, ਕਿਸਾਨ ਮੁੱਦੇ ਉਤੇ ਬੀਤੇ ਕਈ ਦਿਨਾਂ ਤੋਂ ਦੋਵਾਂ ਪਾਸਿਆਂ ਤੋਂ ਇਕ-ਦੂਜੇ ਨਾਲ ਸੰਪਰਕ ਵਿੱਚ ਸਨ, ਇਨ੍ਹਾਂ ਵਿੱਚੋਂ ਵੀ ਕਿਸੇ ਅਫਸਰ ਨੇ ਕਿਸੇ ਮੌਕੇ ਮੇਰੇ ਨਾਲ ਗੱਲ ਕਰਨ ਬਾਰੇ ਖੱਟਰ ਦੀ ਇੱਛਾ ਬਾਰੇ ਨਹੀਂ ਦੱਸਿਆ। ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਝੂਠ ਬੋਲਣਾ ਬੰਦ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਮੇਰੀ ਰਿਹਾਇਸ਼ ਉਤੇ ਮੇਰਾ ਅਟੈਡੈਂਟ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ ਹੀ ਫੋਨ ਕਾਲਾਂ ਸੁਣਦਾ ਹੈ,ਕਿਉਂਕਿ ਮੈਂ ਆਪਣੇ ਸਟਾਫ ਨੂੰ ਤੰਗ ਕਰਨ ਵਿੱਚ ਯਕੀਨਨਹੀਂ ਕਰਦਾ, ਖੱਟਰ ਸਿੱਧਾ ਆਪਣਾ ਫੋਨ ਚੁੱਕ ਕੇ ਮੇਰੇ ਮੋਬਾਈਲ ਫੋਨ ਉਤੇ ਕਾਲ ਕਰ ਸਕਦਾ ਸੀ।



## ਕਮਲਾ ਹੈਰਿਸ ਹੀ ਨਹੀਂ, ਭਾਰਤੀ ਮੂਲ ਦੇ ਹੋਰ ਨੇਤਾ ਵੀ ਅਮਰੀਕਾ ਵਿੱਚ ਦਿਖਾ ਰਹੇ ਨੇ ਸਿਆਸੀ ਤਾਕਤ

ਨਿਊ ਯਾਰਕ, 29 ਨਵੰਬਰ (ਪੋਸਟ ਬਿਊਰੋ)- ਜ਼ਿਆਦਾਤਰ ਭਾਰਤੀ ਜਾਣਦੇ ਹਨ ਕਿ ਅਮਰੀਕਾ ਵਿੱਚ ਭਾਰਤੀ ਮੂਲ ਦੀ ਕਮਲਾ ਹੈਰਿਸ ਉਪ ਰਾਟਰਸ਼ਪਤੀ ਚੁਣੀ ਜਾ ਗਈ ਹੈ। ਕੁਝ ਲੋਕਾਂ ਨੂੰ ਇਹ ਪਤਾ ਹੋਵੇਗਾ ਕਿ ਅਮਰੀਕਾ ਵਿੱਚ 1 ਫੀਸਦੀ ਲੋਕ ਭਾਰਤੀ ਮੂਲ ਦੇ ਹਨ, ਪਰ ਇਥੇ ਦੀ ਰਾਜਨੀਤੀ ਵਿੱਚ ਇਸ ਦਾ ਖਾਸ ਪ੍ਰਭਾਵ ਹੈ। ਅਮਰੀਕਾ ਵਿੱਚ ਭਾਰਤੀ ਮੂਲ ਦੇ ਉਮੀਦਵਾਰਾਂ ਨੇ 13 ਸਟੇਟ ਅਸੈਂਬਲੀਆਂ ਵਿੱਚ 20 ਸੀਟਾਂ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਇਹ ਸੀਟਾਂ ਉਨ੍ਹਾਂ ਚਾਰ ਸੀਟਾਂ ਤੋਂਵੱਖ ਹਨ, ਜੋ ਭਾਰਤੀ ਮੂਲ ਦੇ ਲੋਕਾਂ ਨੇ ਪਾਰਲੀਮੈਂਟ ਦੀ ਚੋਣ ਦੌਰਾਨ ਜਿੱਤੀਆਂ ਹਨ। ਮਿਸਲਾ ਵਜੋਂ ਨਿਊ ਯਾਰਕ ਸਟੇਟ ਅਸੈਂਬਲੀ ਦੀ ਚੋਣ ਵਿੱਚ ਪਹਿਲੀ ਵਾਰ ਭਾਰਤੀ ਮੂਲ ਦੇ ਲੋਕਾਂ ਨੇ ਚਾਰ ਸੀਟਾਂ ਜਿੱਤੀਆਂ ਹਨ, ਇਹ 50 ਰਾਜਾਂ ਦੀ ਕਿਸੇ ਵੀ ਅਸੰਬਲੀ ਵਿੱਚ ਭਾਰਤੀਆਂ ਦੀ ਪਹਿਲੀ ਵਾਰ ਸਭ ਤੋਂ ਵੱਡੀ ਜਿੱਤ ਹੈ। ਇਸ ਤੋਂ ਇਲਾਵਾ ਭਾਰਤ ਵੰਸ਼ੀਆਂ ਨੇ ਨਿਊ ਜਰਸੀ, ਕਨੇਕਟਿਕਟ ਅਤੇ ਨਾਥਰ ਕੈਰੋਲੀਨਾ ਵਿੱਚ ਦੋ-ਦੋ ਸੀਟਾਂ ਅਤੇ ਹੋਰ ਰਾਜਾਂ ਵਿੱਚ ਇੱਕ-ਇੱਕ ਸੀਟ ਜਿੱਤੀ ਹੈ।ਜਿੱਤੇ ਹੋਏ ਇਨ੍ਹਾਂ 20 ਹਲਕਿਆਂ ਵਿੱਚੋਂ ਸਿਰਫ ਤਿੰਨ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪ-ਬਲਿਕਨ ਪਾਰਟੀ ਤੋਂਤੇ ਬਾਕੀ ਡੈਮੋਕ੍ਰੇਟਿਕ ਪਾਰਟੀ ਵਾਲੇ ਹਨ। ਸਟੇਟ ਅਸੈਂਬਲੀ ਚੋਣ ਜਿੱਤਣ ਵਾਲੇ ਭਾਰਤੀ ਵੰਸ਼ੀਆਂ ਵਿੱਚ ਫਿਲਮਕਾਰ ਮੀਰਾ ਨਾਇਰ ਦੇ ਬੇਟੇ ਜੋਹਰਾਨ ਮਮਦਾਨੀ ਸ਼ਾਮਲ ਹਨ।

ਕੈਲੀਫੋਰਨੀਆਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਭਾਰਤੀ ਵੰਸ਼ੀ ਐਮੀ ਬੇਰਾ (55) ਪੰਜਵੀਂ ਵਾਰ ਜਿੱਤੇ ਹਨ। ਉਹ ਪੇਸ਼ੇ ਤੋਂ ਡਾਕਟਰ ਅਤੇ ਸਭ ਤੋਂ ਲੰਬੇ ਸਮੇਂ ਤੱਕ ਅਸੰਬਲੀ ਮੈਂਬਰ ਰਹਿਣ ਵਾਲੇ ਪਹਿਲੇ ਭਾਰਤ ਵੰਸ਼ੀ ਬਣ ਗਏ ਹਨ। ਉਨ੍ਹਾਂ ਦੇ ਮਾਤਾ-ਪਿਤਾ ਗੁਜਰਾਤ ਤੋਂ ਅਮਰੀਕਾ ਆਏ ਸਨ।ਇਲੀਨਾਏ ਵਿੱਚ ਰਾਜਾ ਕ੍ਰਿਸ਼ਨ ਮੂਰਤੀ (47) ਤੀਸਰੀ ਵਾਰ ਜਿੱਤੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਕ੍ਰਿਸ਼ਨ ਮੂਰਤੀ ਦਾ ਜਨਮ ਦਿੱਲੀ ਵਿੱਚ ਹੋਇਆ ਸੀ। ਕੈਲੀਫੋਰਨੀਆ ਵਿੱਚ ਪੇਸ਼ ਕਾਲਕਾ ਨੇ ਤੀਸਰੀ ਵਾਰ ਚੋਣ ਜਿੱਤੀ ਹੈ। ਡੈਮੋਕ੍ਰੇਟਿਕ ਪਾਰਟੀ ਦੀ ਕ੍ਰਿਪਾ ਮਿਸ਼ਿਗਨ ਸਟੇਟ ਵਿੱਚ ਚੋਣ ਜਿੱਤਣ ਵਾਲੀ ਪਹਿਲੀ ਪ੍ਰਵਾਸੀ ਤੇ ਹਿੰਦੂ ਮਹਿਲਾ ਬਣ ਗਈ ਹੈ। ਓਹਿਆ ਤੋਂ ਰਿਪਬਲਿਕਨ ਪਾਰਟੀ ਦੇ ਨੀਰਜ ਅੰਤਾਨੀ ਸਟੇਟ ਅਸੈਂਬਲੀ ਪਹੁੰਚੇ ਹਨ। ਪਹਿਲੀ ਵਾਰ ਇਥੇ ਕੋਈ ਭਾਰਤ ਵੰਸ਼ੀ ਸਟੇਟ ਅਸੈਂਬਲੀ ਦੇ ਲਈ ਚੁਣਿਆ ਗਿਆ ਹੈ।

# 'ਮਨ ਕੀ ਬਾਤ' ਵਿੱਚ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਨੂੰ ਮਨਾਉਣ ਦੀ ਕੋਸ਼ਿਸ਼

### * ਕੇਂਦਰ ਦੇ ਖੇਤੀ ਕਾਨੂੰਨ ਕਿਸਾਨਾਂ ਲਈ ਫਾਇਦੇਮੰਦ ਆਖੇ * ਹਰਿਆਣੇ ਦੇ ਮੰਤਰੀ ਵਿੱਜ ਨੇ ਜ਼ਖਮਾਂ 'ਤੇ ਲੂਣ ਧੂੜਿਆ

ਨਵੀਂ ਦਿੱਲੀ, 29 ਨਵੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇਵਿਰੋਧੀ ਧਿਰਉੱਪਰਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ 'ਕਈ ਸਾਲਾਂ ਤੋਂ ਹਰ ਰਾਜਨੀਤਕ ਪਾਰਟੀ ਨੇ ਕਿਸਾਨਾਂ ਦੀਆਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਵਾਅਦਾ ਕੀਤਾ ਸੀ, ਪਰ ਮੰਗਾਂ ਅੱਜ ਪੂਰੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਕਾਫੀ ਵਿਚਾਰ-ਵਟਾਂਦਰੇ ਪਿੱਛੋਂਪਾਰਲੀਮੈਂਟ ਨੇ ਖੇਤੀਬਾੜੀ ਸੁਧਾਰਾਂ ਨੂੰ ਕਾਨੂੰਨੀ ਰੂਪ ਦਿੱਤਾ ਹੈ, ਜਿਨ੍ਹਾਂ ਨਾਲ ਨਾ ਸਿਰਫ ਕਿਸਾਨਾਂ ਦੇ ਬਹੁਤ ਸਾਰੇ ਬੰਧਨ ਖ਼ਤਮ ਹੋ ਗਏ, ਸਗੋਂ ਉਨ੍ਹਾਂ ਨੂੰ ਨਵੇਂ ਅਧਿਕਾਰ ਅਤੇ ਕਈ ਨਵੇਂ ਮੌਕੇ ਵੀ ਮਿਲੇ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਕਾਨੂੰਨ ਵਿੱਚ ਇਕ ਹੋਰ ਵੱਡੀ ਗੱਲ ਇਹ ਹੈ ਕਿ ਇਸ ਵਿੱਚ ਵਿਵਸਥਾ ਕੀਤੀ ਗਈ ਹੈ ਕਿ ਇਲਾਕੇ ਦੇ ਐੱਸ ਡੀ ਐਮ ਨੂੰ ਇਕ ਮਹੀਨੇ ਅੰਦਰ ਕਿਸਾਨ ਦੀ ਸ਼ਿਕਾਇਤ ਨਿਬੇੜਨੀ ਪਵੇਗੀ। ਉਨ੍ਹਾਂ ਨੇ ਮਹਾਰਾਸ਼ਟਰ ਦੇ ਇੱਕ ਕਿਸਾਨ ਜਿਤੇਂਦਰ ਭੋਈਜੀ ਦੀ ਮਿਸਾਲ ਦਿੱਤੀ, ਕਿਵੇਂ ਉਸ ਨੇ ਨਵੇਂ ਕਾਨੂੰਨ ਦਾ ਫਾਇਦਾ ਲਿਆ ਅਤੇ ਆਪਣੇ ਬਕਾਏ ਇਨ੍ਹਾਂ ਨਵੇਂ ਕਾਨੂੰਨਾਂ ਨਾਲ ਵਸੂਲ ਕੀਤੇ ਹਨ। ਅੱਜ ਐਤਵਾਰ 'ਮਨ ਕੀ ਬਾਤ' ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀਬਾੜੀ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਦੇ ਕਿਸਾਨਾਂ ਨੂੰ ਖੇਤੀ ਸੁਧਾਰਾਂ ਅਤੇ ਆਧੁਨਿਕ ਖੇਤੀ ਲਈ ਦੇਸ਼ ਵਿੱਚ ਹੋ ਰਹੀਆਂ ਤਬਦੀਲੀਆਂ ਦਾ ਸਾਥੀ ਬਣਾਉਣ ਲਈ ਜਾਗਰੂਕ ਕਰਨ।

ਦੂਸਰੇ ਪਾਸੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਦੇ ਸਬੰਧ ਵਿੱਚ ਜਦੋਂ ਪ੍ਰਦਰਸ਼ਨ ਕਰਦੇ ਕਿਸਾਨਾਂ ਨੇ ਗੱਲਬਾਤ ਦੀ ਕੇਂਦਰ ਦੀ ਪੇਸ਼ਕਸ਼ ਠੁਕਰਾ ਦਿੱਤੀ ਤਾਂ ਕਿਸਾਨਾਂ ਦਾ ਜੋਸ਼ ਵੇਖ ਕੇ ਕੇਂਦਰ ਸਰਕਾਰ ਬੈਕਫੁੱਟ ਉੱਤੇ ਆਈ ਜਾਪਦੀ ਹੈ। ਇਸ ਮਗਰੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਹੈਦਰਾਬਾਦ ਵਿੱਚ ਕਿਸਾਨ ਅੰਦੋਲਨ ਬਾਰੇ ਸਫਾਈ ਦਿੱਤੀਕਿ ਮੈਂ ਕਦੇ ਵੀ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਰਾਜਨੀਤਕ ਤੌਰ ਉੱਤੇ ਪ੍ਰੇਰਤ ਨਹੀਂ ਕਿਹਾ ਅਤੇ ਨਾ ਅੱਜ ਕਹਿ ਰਿਹਾ ਹਾਂ। ਉਨ੍ਹਾਂ ਕਿਹਾ ਕਿ ਉਹ ਮਸਲੇ ਦਾ ਹੱਲ ਕੱਢਣ ਲਈ ਗੰਭੀਰ ਯਤਨ ਕਰ ਰਹੇ ਹਨ।

ਤੀਸਰੇ ਪਾਸੇ ਬੜਬੋਲੇ ਸੁਭਾਅ ਵਾਲੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਸਾਨ ਅੰਦੋਲਨ ਬਾਰੇ ਕਿਹਾ ਕਿ ਸਰਕਾਰ ਗੱਲਬਾਤ ਲਈ ਸੱਦਾ ਦੇ ਰਹੀ ਹੈ ਤਾਂ ਕਿਸਾਨ ਗੱਲ ਨਹੀਂ ਕਰਦੇ, ਇਸ ਦਾ ਅਰਥ ਹੈ ਕਿ ਇਨ੍ਹਾਂ ਦਾ ਮਕਸਦ ਕੁਝ ਹੋਰ ਹੈ। ਉਨ੍ਹਾਂ ਕਿਹਾ ਕਿ ਕਿਸਾਨ ਕਹਿੰਦੇ ਹਨ ਕਿ ਸਾਡਾ ਅੰਦੋਲਨ ਸਿਰਫ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਹੈ, ਇਹ ਤਿੰਨੇ ਕਾਨੂੰਨ ਸਾਰੇ ਭਾਰਤ ਲਈ ਹਨ, ਪਰ 36 ਰਾਜਾਂ ਵਿੱਚੋਂ ਸਿਰਫ ਪੰਜਾਬ ਦੇ ਕਿਸਾਨ ਹੀ ਇਸ ਦਾ ਵਿਰੋਧ ਕਿਉਂ ਕਰ ਰਹੇ ਹਨ? ਮੰਤਰੀ ਅਨਿਲ ਵਿਜ ਨੇ ਕਿਹਾ ਕਿ ਇਹ ਰਾਜਨੀਤਿਕ ਮਕਸਦ ਕਾਰਨ ਚੱਲ ਰਿਹਾ ਅੰਦੋਲਨ ਹੈ, ਕਿਸਾਨਾਂ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ, ਇਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਭੇਜਿਆ ਹੈ ਤੇ ਇਹ ਤਿਆਰੀ ਅਗਲੀਆਂ ਪੰਜਾਬ ਚੋਣਾਂ ਲਈ ਅਮਰਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਤੇ ਉੱਤਰ ਪ੍ਰਦੇਸ਼ ਤੋਂ ਆਏ ਕਿਸਾਨਾਂ ਦੀ ਗਿਣਤੀ ਬਹੁਤ ਘੱਟ ਹੈ, ਬਹੁਤੇ ਲੋਕ ਪੰਜਾਬ ਤੋਂਕੈਪਟਨ ਅਮਰਿੰਦਰ ਸਿੰਘ ਨੇ ਭੇਜੇ ਹਨ।

## ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਮੇਘਾਲਿਆ ਵਿੱਚ ਫਿਰ ਰਾਜ ਪੱਧਰੀ ਮੁਜ਼ਾਹਰੇ ਸ਼ੁਰੂ

### * ਆਈ ਐੱਲ ਪੀ ਲਾਗੂ ਕਰਨ ਦੀ ਮੰਗ ਤੇਜ਼




ਸ਼ਿਲਾਂਗ, 29 ਨਵੰਬਰ, (ਪੋਸਟ ਬਿਊਰੋ)- ਪਿਛਲੇ ਸਾਲ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਹੋਏ ਮੁਜ਼ਾਹਿਰਿਆਂ ਦੇ ਬਾਅਦ ਕਈ ਮਹੀਨੇ ਚੁੱਪ ਰਹਿਣ ਪਿੱਛੋਂ 17 ਸੰਗਠਨਾਂ ਨੇ ਮੇਘਾਲਿਆ ਨੂੰ ਸਿਟੀਜ਼ਨਸ਼ਿਪ ਸੋਧ ਕਾਨੂੰਨ (ਸੀਏ ਏ) ਦੇ ਘੇਰੇ ਤੋਂ ਬਾਹਰ ਰੱਖਣ ਲਈ ਅੱਜ ਫਿਰ ਸਾਰੇ ਪੱਧਰ ਦੀ ਇਨਰ ਲਾਈਨ ਪਰਮਿਟ (ਆਈ ਐੱਲ ਪੀ) ਲਾਗੂ ਕਰਨ ਲਈ ਅੰਦੋਲਨ ਤੇਜ਼ ਕਰ ਦਿੱਤਾ ਹੈ। ਇਸ ਅੰਦੋਲਨ ਦੀ ਅਗਵਾਈ ਮੇਘਾਲਿਆ ਸਿਵਲ ਸੋਸਾਈਟੀ ਕਰ ਰਹੀ ਹੈ। ਇਹ ਅੰਦੋਲਨ ਪਿਛਲੇ ਸਾਲ ਸ਼ੁਰੂ ਹੋਇਆ ਸੀ, ਪਰ ਕੋਰੋਨਾ ਵਾਇਰਸ ਦੇ ਕਾਰਨ ਮੁਲਤਵੀ ਕਰ ਦਿੱਤਾ ਗਿਆ ਸੀ। ਵਰਨਣ ਯੋਗ ਹੈ ਕਿ ਆਈ ਐੱਲ ਪੀ ਦੇ ਲਾਗੂ ਹੋਣ ਨਾਲ ਭਾਰਤ ਦੇ ਦੂਸਰੇ ਰਾਜਾਂ ਦੇ ਨਾਗਰਿਕਾਂ ਸਮੇਤ ਕਿਸੇ ਵੀ ਬਾਹਰਲੇ ਵਿਅਕਤੀ ਨੂੰ ਸਬੰਧਤ ਰਾਜ ਵਿੱਚ ਆਉਣ ਲਈ ਇਜਾਜ਼ਤ ਲੈਣੀ ਪੈਂਦੀ ਹੈ। ਇਸ ਕਾਨੂੰਨ ਵਿਚ ਸਥਾਨਕ ਲੋਕਾਂ ਦੇ ਲਈ ਜ਼ਮੀਨ,ਨੌਕਰੀਆਂ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਸਮੇਤ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਇਸ ਵੇਲੇ ਏਹੋ ਜਿਹਾ ਆਈ ਐੱਲ ਪੀ ਅਰੁਣਾਚਲ ਪ੍ਰਦੇਸ਼,ਮਿਜ਼ੋਰਮ ਅਤੇ ਨਾਗਾਲੈਂਡ ਵਿੱਚ ਲਾਗੂ ਹੈ। ਨਾਗਾਲੈਂਡ ਦੀ ਸਰਕਾਰ ਨੇ ਪਿਛਲੇ ਦਿਨਾਂ ਵਿੱਚ ਦੀਮਾਪੁਰ ਜ਼ਿਲ੍ਹੇ ਨੂੰ ਆਈ ਐੱਲ ਪੀ ਵਿੱਚ ਸ਼ਾਮਲ ਕਰਨ ਲਈ ਇਸ ਕਾਨੂੰਨ ਵਿੱਚ ਸੋਧ ਵੀ ਕੀਤੀ ਹੈ,ਜਿਸ ਤੋਂ ਬਾਅਦ ਉਹ ਪੂਰਾ ਰਾਜ ਇਸ ਦੇ ਅਧੀਨ ਆ ਗਿਆ ਹੈ। ਇਸ ਦੇ ਬਾਅਦ ਮੇਘਾਲਿਆ ਵਿੱਚ ਇਹ ਅੰਦੋਲਨ ਨਵੇਂ ਸਿਰੇ ਤੋਂ ਸ਼ੁਰੂ ਹੋ ਗਿਆ ਹੈ ਤੇ ਇਸ ਦੇ ਹੋਰ ਅੱਗੇ ਵਧਣ ਦੀ ਸੰਭਾਵਨਾ ਹੈ।

## ਕੋਰੋਨਾ ਨਾਲ ਦਰੁਸਤ ਹੋ ਜਾਂਦੇ ਨੇ ਜ਼ਿਆਦਾਤਰ ਰੋਗੀਆਂ ਦੇ ਫੇਫੜੇ

ਐਮਸਟਰਡਮ, 29 ਨਵੰਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ (ਕੋਵਿਡ-19) ਤੋਂ ਗੰਭੀਰ ਰੂਪ ਵਿੱਚ ਪੀੜਤ ਲੋਕਾਂ ਦੇ ਬਾਰੇ ਇੱਕ ਨਵੇਂ ਅਧਿਐਨ ਵਿੱਚ ਪਤਾ ਲੱਗਾ ਹੈ ਕਿ ਗੰਭੀਰ ਰੂਪ ਵਿੱਚ ਪੀੜਤ ਹੋਣ ਵਾਲੇ ਬਹੁਤੇ ਮਰੀਜ਼ਾਂ ਦੇ ਫੇਫੜੇ ਤਿੰਨ ਮਹੀਨੇ ਵਿੱਚ ਪੂਰੀ ਤਰ੍ਹਾਂਠੀਕ ਹੋ ਜਾਂਦੇ ਹਨ। ਗੰਭੀਰ ਵਾਇਰਸ ਵਾਲੇ ਬਹੁਤੇ ਕੇਸਾਂ ਵਿੱਚ ਫੇਫੜਿਆਂ ਦੇ ਟਿਸ਼ੂ ਪੂਰੀ ਤਰ੍ਹਾਂ ਉਬਰ ਕੇ ਪਹਿਲਾ ਵਾਲੀ ਸਥਿਤੀ ਵਿੱਚ ਆ ਜਾਂਦੇ ਹਨ। ਕਲੀਨੀਕਲ ਇਨਫੈਕਸ਼ੀਅਸ ਡਿਜ਼ੀਜ਼ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ ਕੋਰੋਨਾ ਵਾਇਰਸ ਤੋਂ ਉਭਰਨ ਵਾਲੇ 124 ਪੀੜਤਾਂ ਨੂੰ ਸ਼ਾਮਲ ਕੀਤਾ ਗਿਆ ਸੀ।ਇਨ੍ਹਾਂ ਦੇ ਆਧਾਰ 'ਤੇ ਇਹ ਨਤੀਜਾ ਕੱਢਿਆ ਗਿਆ ਹੈ। ਨੀਦਰਲੈਂਡ ਦੀ ਰੇਡਬਾਊਂਡ ਯੂਨੀਵਰਸਿਟੀ ਦੇ ਖੋਜੀਆਂ ਅਨੁਸਾਰ ਕੋਰੋਨਾ ਤੋਂ ਉਭਰਨ ਦੇ ਤਿੰਨ ਮਹੀਨੇ ਬਾਅਦ ਸੀ ਟੀ ਸਕੈਨ ਅਤੇ ਫੇਫੜਿਆਂ ਦੀ ਜਾਂਚ ਦੇ ਨਾਲ ਮਰੀਜ਼ਾਂ ਦਾ ਟੈਸਟ ਕੀਤਾ ਗਿਆ ਤਾਂ ਪਤਾ ਲੱਗਾ ਕਿ ਫੇਫੜਿਆਂ ਦੇ ਟਿਸ਼ੂ ਚੰਗੀ ਤਰ੍ਹਾਂ ਉਭਰ ਰਹੇ ਹਨ। ਬਹੁਤੇ ਮਰੀਜ਼ਾਂ ਦੇ ਫੇਫੜਿਆਂ ਵਿੱਚ ਕੋਈ ਨਾ ਕੋਈ ਕਮੀਂ ਪਾਈ ਗਈ। ਉਹ ਸਮੱਸਿਆ ਆਮ ਤੌਰ 'ਤੇ ਉਨ੍ਹਾਂ ਰੋਗੀਆਂ ਵਿੱਚ ਦੇਖਣ ਨੂੰ ਮਿਲੀ, ਜਿਨ੍ਹਾਂ ਦਾ ਇਲਾਜ ਆਈ ਸੀ ਯੂ ਵਿੱਚ ਕੀਤਾ ਗਿਆ ਸੀ। ਅਜਿਹੇ ਰੋਗੀਆਂ ਵਿੱਚ ਤਿੰਨ ਮਹੀਨੇ ਬਾਅਦ ਥਕਾਵਟ, ਸਾਹ ਦੀ ਸਮੱਸਿਆ ਅਤੇ ਸੀਨੇ ਵਿੱਚ ਦਰਦ ਵਰਗੀ ਸ਼ਿਕਾਇਤਾਂ ਆਮ ਤੌਰ 'ਤੇ ਪਤਾ ਲੱਗੀ।

ਖੋਜੀਆਂ ਨੇ ਦੱਸਿਆ ਕਿ ਪੀੜਤਾਂ ਨੂੰ ਤਿੰਨ ਵਰਗਾਂ ਵਿੱਚ ਵੰਡ ਕੇ ਅਧਿਅਨ ਕੀਤਾ ਗਿਆ ਸੀ। ਇੱਕ ਵਰਗ ਨੂੰ ਉਨ੍ਹਾਂ ਨੇ ਆਈ ਸੀ ਯੂ ਵਿੱਚ ਭਰਤੀ ਕੀਤਾ ਸੀ। ਦੂਸਰੇ ਵਰਗ ਨੂੰ ਹਸਪਤਾਲ ਦੇ ਨਰਸਿੰਗ ਵਾਰਡ ਵਿੱਚ ਰੱਖਿਆ ਗਿਆ ਸੀ। ਜਦੋਂ ਕਿ ਅੰਤਿਮ ਗਰੁੱਪ ਵਿੱਚ ਉਨ੍ਹਾਂ ਕੋਰੋਨਾ ਪੀੜਤਾਂ ਨੂੰ ਹੀ ਰੱਖਿਆ ਗਿਆ, ਜਿਨ੍ਹਾਂ ਦਾ ਘਰ ਵਿੱਚ ਹੀ ਇਲਾਜ ਕੀਤਾ ਜਾ ਸਕਦਾ ਸੀ। ਇਸ ਅਧਿਐਨ ਨਾਲ ਜੁੜੇ ਖੋਜੀਆਂ ਬ੍ਰਾਮ ਵੈਨ ਡੇਨ ਬੋਰਸਟ ਨੇ ਕਿਹਾ, 'ਇਨ੍ਹਾਂ ਨਤੀਜਿਆਂ ਦੇ ਆਧਾਰ 'ਤੇ ਇਲਾਜ ਦੇ ਦੂਸਰੇ ਵਿਕਲਪਾਂ ਨੂੰ ਤਲਾਸ਼ਣ ਦੇ ਲਈ ਅਤੇ ਅਧਿਐਨ ਕੀਤੇ ਜਾਣ ਦੀ ਜ਼ਰੂਰਤ ਹੈ।'

# ਆਸਟ੍ਰੇਲੀਆ ਦਾ ਇੱਕ ਨੌਜਵਾਨ ਇਕ ਸਾਲ ਵਿੱਚ 23 ਬੱਚਿਆਂ ਦਾ 'ਬਾਪ' ਬਣਿਆ

### * ਸਪਰਮ ਡੋਨੇਟ ਕਰਨ ਦੇ ਧੰਦੇ ਦੀ ਜਾਂਚ ਹੋਵੇਗੀ

ਸਿਡਨੀ, 29 ਨਵੰਬਰ, (ਪੋਸਟ ਬਿਊਰੋ)- ਮਾਤਾ-ਪਿਤਾ ਬਣਨਾ ਚਾਹੁੰਦੇ ਲੋਕਾਂ ਨੂੰ ਸਪਰਮ ਦਾਨ ਕਰਨ ਦੇ ਧੰਦੇ ਕਾਰਨ ਇਕ ਆਸਟ੍ਰੇਲੀਆਈ ਨੌਜਵਾਨ ਨੇ ਇਕ ਸਾਲ ਵਿਚ 23 ਬੱਚਿਆਂ ਦਾ ਬਾਪ ਬਣ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਹ ਨੌਜਵਾਨ ਇਨ੍ਹਾਂ ਬੱਚਿਆਂ ਦਾ ਬਾਇਲੋਜੀਕਲ ਬਾਪ ਹੈ। ਸ਼ੁਰੂ ਵਿਚ ਉਸ ਨੇ ਸ਼ੌਕ ਵਜੋਂ ਆਪਣਾ ਸਪਰਮ ਦਾਨ ਕੀਤਾ, ਪਰ ਬਾਅਦ ਵਿਚ ਉਸ ਨੇ ਇਸ ਸ਼ੌਕ ਨੂੰ ਫੁੱਲ-ਟਾਈਮ ਜੌਬ ਬਣਾ ਲਿਆ ਸੀ।

ਆਸਟ੍ਰੇਲੀਆ ਦੇ ਬ੍ਰਿਸਬੇਨ ਸ਼ਹਿਰ ਦਾ ਵਸਨੀਕ ਐਲਨ ਫਾਨ ਇਸ ਦੇਸ਼ ਵਿਚ ਸਪਰਮ ਦਾਨ ਕਰਨ ਲਈ ਕਾਫੀ ਮਸ਼ਹੂਰ ਹੋ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਬੀਬੀਆਂ ਉਸ ਦੀ ਨਸਲ ਤੇ ਸਪਰਮ ਦੇ ਸਿਹਤਮੰਦ ਹੋਣ ਕਾਰਨ ਉਸ ਨੂੰ ਪਸੰਦ ਕਰਦੀਆਂ ਹਨ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਐਲਨ ਖੁਦ ਦੋ ਬੱਚਿਆਂ ਦਾ ਬਾਪ ਹੈ, ਪਰ ਉਸ ਨੇ ਪ੍ਰਾਈਵੇਟ ਤੌਰ ਉੱਤੇ ਸਪਰਮ ਦਾਨ ਕਰ ਕੇ ਕਰੀਬ 23 ਬੱਚੇ ਪੈਦਾ ਕੀਤੇ ਹਨ ਅਤੇ ਉਹ ਰਜਿਸਟਰਡ ਫਰਟਿਲਿਟੀ ਸੈਂਟਰ ਵਿਚ ਵੀ ਸਪਰਮ ਦਾਨ ਕਰਦਾ ਹੈ। ਇਸ 40 ਸਾਲਾ ਨੌਜਵਾਨ ਦੇ ਬਾਰੇ ਸਰਕਾਰ ਨੇ ਜਾਂਚ ਸ਼ੁਰੂ ਕਰਵਾ ਦਿੱਤੀ ਹੈ।ਕੁਝ ਫਰਟਿਲਿਟੀ ਕਲੀਨਿਕਾਂ ਨੇਉਸ ਦੀ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਕਾਨੂੰਨੀ ਕਲੀਨਿਕ ਤੋਂ ਬਾਹਰ ਵੀ ਸਪਰਮ ਦਾਨ ਕੀਤੇ ਤੇ ਤੈਅ ਹੱਦਤੋਂ ਵੱਧ ਬੱਚੇ ਪੈਦਾ ਕੀਤੇ ਹੋਏ ਹਨ।ਆਸਟ੍ਰੇਲੀਆ ਦੇ ਵਿਕਟੋਰੀਆ ਰਾਜ ਦੇ ਕਾਨੂੰਨ ਹੇਠ ਇਕ ਪੁਰਸ਼ ਸਿਰਫ 10 'ਫੈਮਿਲੀ' ਕ੍ਰੀਏਟ ਕਰ ਸਕਦਾ ਹੈ। ਐਲਨ ਦਾ ਕਹਿਣਾ ਹੈ ਕਿ ਬੀਬੀਆਂ ਨੂੰ




ਮਨ੍ਹਾ ਕਰਨਾ ਉਸ ਦੇ ਲਈ ਕਾਫੀ ਮੁਸ਼ਕਲ ਦਾ ਕੰਮ ਹੈ, ਇਸੇ ਕਾਰਨ ਉਸ ਨੇ ਇਕ ਦਿਨ ਵਿਚ ਤਿੰਨ ਬੀਬੀਆਂ ਨੂੰ ਵੀ ਸਪਰਮ ਦਾਨ ਕੀਤਾ ਸੀ।

## ਟਰੰਪ ਵੱਲੋਂ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ ਨੂੰ ਮੁਆਫ਼ੀ

ਵਾਸ਼ਿੰਗਟਨ, 29 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ ਨੂੰ ਮੁਆਫ਼ੀ ਦੇਣ ਦੇ ਹੁਕਮਾਂ 'ਤੇ ਦਸਤਖਤ ਕਰ ਦਿੱਤੇ ਹਨ। ਫਲਿਨ 'ਤੇ 2016 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਟਰੰਪ ਦੇ ਪ੍ਰਚਾਰ ਦਲ ਤੇ ਰੂਸ ਵਿਚਾਲੇ ਸੰਭਾਵੀ ਮਿਲੀ ਭੁਗਤ ਸਬੰਧੀ ਐਫ ਬੀ ਆਈ ਨੂੰ ਗਲਤ ਬਿਆਨ ਦੇਣ ਦੇ ਦੋਸ਼ ਸਨ ਅਤੇ ਉਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਡੋਨਾਲਡ ਟਰੰਪ ਨੇ ਫਲਿਨ ਨੂੰ ਮੁਆਫ਼ੀ ਦੇਣ ਦੇ ਕਾਰਜਕਾਰੀ ਹੁਕਮ 'ਤੇ ਦਸਤਖਤ ਕਰਨ ਪਿੱਛੋਂ ਟਵੀਟ ਕਰਕੇ ਕਿਹਾ, "ਜਨਰਲ ਟੀ ਫਲਿਨ ਨੂੰ ਮੁਕੰਮਲ ਮੁਆਫ਼ੀ ਦੇਣ ਸਬੰਧੀ ਐਲਾਨ ਕਰਨਾ ਮੇਰੇ ਲਈ ਮਾਣ ਵਾਲੀ ਗੱਲ ਹੈ। ਜਨਰਲ ਫਲਿਨ ਤੇ ਉਨ੍ਹਾਂ ਦੇ ਪਰਵਾਰ ਨੂੰ ਮੁਬਾਰਕਬਾਦ। ਮੈਨੂੰ ਪਤਾ ਹੈ ਕਿ ਤੁਸੀਂ ਚੰਗੀ ਤਰ੍ਹਾਂ ਥੈਂਕਸ ਗਿਵਿੰਗ ਮਨਾ ਸਕੋਗੇ।" ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕਾਇਲੀ ਮੈਕਨੈਨੀ ਨੇ ਕਿਹਾ, "ਰਾਸ਼ਟਰਪਤੀ ਨੇ ਜਨਰਲ ਫਲਿਨ ਨੂੰ ਮੁਆਫ਼ੀ ਦੇ ਦਿੱਤੀ ਹੈ, ਕਿਉਂਕਿ ਉਨ੍ਹਾਂ ਉਪਰ ਕਦੇ ਮੁਕੱਦਮਾ ਚਲਾਇਆ ਹੀ ਨਹੀਂ ਜਾਣਾ ਚਾਹੀਦਾ ਸੀ। ਜਨਰਲ ਫਲਿਨ ਦੇ ਕੇਸ ਦੀ ਨਿਆਂ ਵਿਭਾਗ ਨੇ ਆਜ਼ਾਦ ਸਮੀਖਿਆ ਕੀਤੀ ਸੀ ਅਤੇ ਉਹ ਵੀ ਇਸ ਫ਼ੈਸਲੇ ਦਾ ਸਮਰਥਨ ਕਰਦਾ ਹੈ।" ਅਸਲ ਵਿੱਚ ਨਿਆਂ ਵਿਭਾਗ ਦ੍ਰਿੜ੍ਹਤਾ ਨਾਲ ਇਸ ਨਤੀਜੇ 'ਤੇ ਪਹੁੰਚਿਆ ਹੈ ਕਿ ਫਲਿਨ ਖ਼ਿਲਾਫ਼ ਦੋਸ਼ ਖਾਰਜ ਕਰ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਪੂਰਨ ਮੁਆਫ਼ੀ ਇੱਕ ਨਿਰਦੋਸ਼ ਵਿਅਕਤੀ ਖ਼ਿਲਾਫ਼ ਪੱਖਪਾਤੀ ਮੁਕੱਦਮੇ ਨੂੰ ਖ਼ਤਮ ਕਰਦੀ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ੧ੳ ਸਤਿਗੁਰ ਪ੍ਰਸਾਦਿ॥ ਕਲਿ ਤਾਰਣ ਗੁਰੂ ਨਾਨਕ ਆਇਆ ॥



ਕਰਨੈਲ ਸਿੰਘ ਟੋਰਾਂਟੋ
416-746-7642



ਦੋਹਰਾ॥ ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥
ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥੪॥ (ਦਸਮ ਗ੍ਰੰਥ)

ਸੰਮਤ 1526 ਕੱਤਕ ਸੁਦੀ ਪੂਰਨਮਾਸ਼ੀ ਪਿਤਾ ਕਾਲੂ ਮਹਿਤਾ, ਮਾਤਾ ਤ੍ਰਿਪਤਾ, ਰਾਇ ਭੁਇ ਦੀ ਤਲਵੰਡੀ ਵਿਚ ਅਵਤਾਰ ਧਾਰਿਆ, ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ।

ਤਥਾ: ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ॥
(ਪੰਨਾ ੧੩੯੫)

ਜਿਸ ਵੇਲੇ ਧਰਤੀ ਤੇ ਪਾਪ ਕਰਮ ਅਤਿਆਚਾਰ ਵਧ ਜਾਂਦੇ ਹਨ ਤਾਂ ਆਪ ਹੀ ਪ੍ਰਭੂ ਅਵਤਾਰ ਧਾਰਦਾ ਹੈ।

ਚੌਪਈ॥ ਜਬ ਜਬ ਹੋਤ ਅਰਿਸ਼ਟ ਆਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥
(ਦਸਮ ਗ੍ਰੰਥ, ਪੰਨਾ ੧੫੫)

ਤਥਾ: ਭਏ ਬੇਅਦਲੀ ਪਾਤਿਸਾਹ, ਕਲਿ ਕਾਤੀ ਉਮਰਾਵ ਕਾਸਾਈ॥

ਦੋਹਰਾ॥ ਭਯੋ ਭਾਰ ਧਰ ਪਰ ਅਧਿਕ, ਧਰਮ ਧਰਤਿ ਨਹੀਂ ਧੀਰ॥
ਭਾਉ ਭਗਤਿ ਨਹਿੰ ਜਗਤ ਮੇਂ, ਬਿਕਲ ਭਈ ਭਯ ਭੀਰ॥੧੫॥
(ਨਾਨਕ ਪ੍ਰਕਾਸ਼ ਪੂਰਬਾਰਧ ਧਿਆਏ ੩)

ਪਰਮ ਪਾਪ ਤੇ ਭੂਮ ਡਰਾਨੀ॥ ਡਗਮਗਾਤ ਬਿਧ ਤੀਰ ਸਿਧਾਨੀ॥੧॥
ਚੌਪਈ॥ ਬ੍ਰਹਮਾਂ ਗਯੋ ਛੀਰ ਨਿਧ ਜਹਾਂ॥ ਕਾਲ ਪੁਰਖ ਇਸਥਿਤ ਥੇ ਤਹਾਂ॥
(ਦਸਮ ਗ੍ਰੰਥ)

ਰਾਗ ਮਲਾਰ ਮ: ੩॥ ਕਲ ਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥
(ਪੰਨਾ ੧੨੯੧)

ਭਾਵ: ਧਰਤੀ ਪਾਪਾਂ ਕਰਕੇ ਵਿਆਕੁਲ ਹੋਈ ਤਾਂ ਬ੍ਰਹਮਾ ਪਾਸ ਰੋਈ। ਬ੍ਰਹਮਾ ਜੀ ਨੇ ਕਿਹਾ ਧਰਤੀ ਨੂੰ ਚੱਲ ਆਪਾਂ ਦੋਵੇਂ ਭਗਵਾਨ ਪਾਸ ਚਲਦੇ ਹਾਂ ਖੀਰ ਸਮੁੰਦ, ਉਤੇ, ਭਗਵਾਨ ਪਾਸ ਬ੍ਰਹਮਾ ਨੇ ਬੇਨਤੀ ਕੀਤੀ ਹੇ ਪ੍ਰਭੂ ਜੀ ਧਰਤੀ ਪਾਪਾਂ ਕਰਕੇ ਦੁਖੀ ਹੋਈ ਹੈ ਇਸ ਦੀ ਪੁਕਾਰ ਸੁਣੋ, ਪ੍ਰਭੂ ਨੇ ਕੰਨ ਦੇ ਕੇ ਸੁਣਿਆ ਸੁੱਤੇ ਸਿਧ ਧੀਰਜ ਦਿੱਤਾ, ਹੇ ਧਰਤੀਏ ਤੂੰ ਫਿਕਰ ਨਾ ਕਰ ਮੈਂ ਆਪ ਹੀ ਅਵਤਾਰ ਧਾਰ ਕੇ ਆਵਾਂਗਾ, ਅਵਤਾਰ ਧਾਰਕੇ ਸਿਮਰਨ ਕਰਵਾ ਕੇ ਤੇਰੇ ਦੁੱਖਾਂ ਦੀ ਨਵਿਰਤੀ ਕਰਾਂਗਾ।

ਯਥਾ: ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ॥
(ਭਾ. ਗੁ. ਸ. ਵਾਰ ੧ ਪਉੜੀ ੨੩)

ਗੁਰੂ ਨਾਨਕ ਦੇਵ ਜੀ ਹਰਿ ਸਮੇਂ ਸਿਮਰਨ ਕਰਦੇ ਸਨ। ਕਿਸੇ ਘਰਿ ਦੇ ਦੁਨੀਆਵੀ ਕੰਮਾਂ ਵਿਚ ਧਿਆਨ ਨਹੀਂ ਦਿੰਦੇ ਸਨ, ਪਿਤਾ ਕਾਲੂ ਮਹਿਤਾ ਜੀ ਨੇ ਸੋਚਿਆ ਕਿ ਇਹਨਾਂ ਨੂੰ ਕਿਸੇ ਕੰਮ ਵਿਚ ਪਾਈਏ ਅਤੇ ਕਿਹਾ ਜੇ ਤੇਰਾ ਮੱਝਾਂ ਚਾਰਨ ਨੂੰ ਦਿਲ ਨਹੀਂ ਕਰਦਾ ਤਾਂ ਖੇਤੀ ਬੀਜਣ ਦਾ ਕੰਮ ਕਰ ਲੈ, ਸਤਿਗੁਰੂ ਜੀ ਨੇ ਉੱਤਰ ਦਿਤਾ "ਅਸੀਂ ਤਾਂ ਅੱਗੇ ਹੀ ਖੇਤੀ ਕਰਦੇ ਹਾਂ", ਪਿਤਾ ਜੀ ਕਿਹਾ "ਕਿਹੜੀ ਖੇਤੀ"।

ਸੋਰਠਿ ਮ: ੧॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
(ਪੰਨਾ ੫੯੫)

ਭਾਵ: ਤਨ ਮਨ ਕਰਕੇ ਸਰੀਰ ਘਰ ਵਿਚ ਨਾਮੁ ਬੀਜਦੇ ਹਾਂ। ਇਕ ਦਿਨ ਮਹਿਤਾ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਵੀਹ ਰੁਪਏ ਦਿਤੇ ਅਤੇ ਕਿਹਾ ਕੋਈ ਸੱਚਾ ਸੌਦਾ ਕਰਕੇ ਆਉ। ਨਾਲ ਬਾਲਾ ਸੰਧੂ ਨੂੰ ਭੇਜਿਆ, ਗੁਰੂ ਜੀ ਬਾਲੇ ਨੂੰ ਨਾਲ ਲੈ ਕੇ ਲਾਹੌਰ ਵੱਲ ਲਾਭਵੰਦਾ ਸੌਦਾ ਕਰਨ ਤੁਰ ਪਏ। ਪਿੰਡ ਚੂਹੜਕਾਣੇ ਦੇ ਬਾਹਰ ਜੰਗਲ ਵਿਚ ਇਕ ਸੰਤ ਮੰਡਲੀ ਮਿਲੀ। ਆਪ ਜੀ ਨੇ ਇਹ ਵੇਖਕੇ ਕਿ ਸੰਤ ਜੰਗਲ ਵਿਚ ਬੈਠੇ ਹਨ ਅਤੇ ਇਹਨਾਂ ਪਾਸ ਭੋਜਨ ਦਾ ਕੋਈ ਪ੍ਰਬੰਧ ਨਹੀਂ ਹੈ। ਭਾਈ ਬਾਲੇ ਪਾਸੋਂ ਉਹਨਾਂ ਵੀਹਾਂ ਰੁਪਿਆਂ ਦੀ ਰਸਦ ਮੰਗਵਾਕੇ, ਉਹਨਾਂ ਸੰਤਾਂ ਨੂੰ ਭੋਜਨ ਛਕਾ ਦਿਤਾ ਅਤੇ ਬਾਲੇ ਨੂੰ ਕਿਹਾ ਇਸ ਨਾਲੋਂ ਹੋਰ ਕੋਈ ਖਰਾ ਸੌਦਾ ਨਹੀਂ ਹੈ, ਇਸ ਦਾ ਲਾਭ ਬਹੁਤ ਹੋਵੇਗਾ।

ਤਥਾ: ਅਵਰਿ ਕਰਮ ਸਭਿ ਲੋਕ-ਾਚਾਰ॥ ਮਿਲਿ ਸਾਧੂ ਸੰਗਿ ਹੋਇ ਉਧਾਰ॥੨॥
(ਪੰਨਾ ੮੦੪)

ਭਾਵ: ਹੋਰ ਸਾਰੇ ਕਰਮ ਲੋਕ ਦਿਖਾਵੇ ਦੀ ਭਗਤੀ ਹੈ। ਪੂਰਨ ਸਾਧੂ ਦੇ ਨਾਲ ਮਿਲਕੇ ਨਾਮ ਜਪਕੇ ਉਧਾਰ ਹੋਵੇਗਾ, ਜਮਾਂ ਦੀ ਫਾਂਸੀ ਤੋਂ ਬਚੇਗਾ। ਸਾਧੂ ਆਪ ਨਾਮ ਜਪਦੇ ਹਨ, ਦੂਸਰਿਆਂ ਨੂੰ ਜਪਾਉਂਦੇ ਹਨ।

ਮਲਾਰ ਮ: ੪॥ ਬ੍ਰਹਮੁ ਬਿੰਦੇ ਸੋ ਸਤਿ ਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥੪॥
(ਪੰਨਾ ੧੨੬੪)

ਅਰਥ:- ਜੋ ਬ੍ਰਹਮ ਨੂੰ ਬਿੰਦੇ ਜਾਣਦਾ ਹੈ, ਭਾਵ ਬ੍ਰਹਮ ਨੇਸ਼ਟੀ ਹੈ ਅਤੇ ਸਿੱਖ ਦੇ ਸੰਸਿਆਂ ਦੀ ਨਿਵਿਰਤੀ ਕਰਨ ਲਈ ਹਰਿ ਹਰਿ ਦੀ ਕਥਾ ਸੁਣਾਂਦਾ ਹੈ। ਓਹੀ ਅਸਲ ਸਤਿਗੁਰੂ ਕਹੀਦਾ ਹੈ। ਉਸ ਗੁਰੂ ਨੂੰ ਸਤ ਨਿਸਚੇ ਨਾਲ ਬਹੁ ਬਿਧਿ ਸੂਤੀ ਅਤੇ ਰੇਸ਼ਮੀ ਕਪੜੇ ਅਤੇ ਬਹੁਤ ਤਰ੍ਹਾਂ ਦੇ ਛੱਤੀ ਪਦਾਰਥ ਛਕਾਵੇ ਉਸ ਪੁੰਨ ਦੀ ਕਦੇ ਤੋਟ ਨਹੀਂ ਆਵੇਗੀ॥੪॥

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੋ ਜਿਹੇ ਬ੍ਰਹਮ ਨੇਸ਼ਟੀ, ਆਤਮਦ੍ਰਸ਼ੀ ਨਾਮ ਦੇ ਰਸੀਏ ਸਾਧੂਆਂ ਨੂੰ ਭੋਜਨ ਛਕਾਇਆ ਸੀ।

ਤਥਾ:- ਸਾਰਗ ਮਹਲਾ ੫॥ ਹਰਿ ਜਨ ਰਾਮ ਰਾਮ ਰਾਮ ਧਿਆਂਏ॥
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ॥੧॥
(੧੨੦੮)

ਸਾਰਗ ਮਹਲਾ ੫॥ ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥

ਅਰਥ:- ਭੂਤ, ਭਵਿਸ਼ਤ, ਵਰਤਮਾਨ, ਤਿੰਨਾਂ ਸਮਿਆਂ ਵਿਚ ਹਰੀ ਸੱਤ ਹੈ ਅਤੇ ਹਰੀ ਦੇ ਸੰਤ ਭੀ ਤਿੰਨਾਂ ਕਾਲਾਂ ਵਿਚ ਸੱਤ ਹਨ।

ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥
(ਪੰਨਾ ੧੨੦੪)

ਅਰਥ:- ਰਜੋ ਗੁਣ, ਤਮੋ ਗੁਣ, ਸਤੋ ਗੁਣ, ਇਹ ਤਿੰਨ ਗੁਣ ਮਾਇਆ ਦੇ ਹਨ। ਮਹਾਂ ਪਰਲੋ ਵੇਲੇ ਨਾਸ ਹੋ ਜਾਣਗੇ। ਜੋ ਕੁਛ ਵੀ ਦੇਖਣ ਵਿਚ ਆਉਂਦਾ ਹੈ ਸਭ ਨਾਸ ਹੋ ਜਾਵੇਗਾ। ਇਕ ਸਾਧੂ ਦਾ ਦਿਤਾ ਬਚਨ ਅਗਾਧਾ ਹੈ। ਹਰੀ, ਸਾਧੂ ਅਤੇ ਸਾਧੂ ਦਾ ਬਚਨ ਨਾਸ ਨਹੀਂ ਹੁੰਦਾ।

ਜਿਸ ਵੇਲੇ ਸੱਜਣ ਠੱਗ ਨੇ ਮਰਦਾਨੇ ਨੂੰ ਹੱਥ ਪੈਰ ਬੰਨ੍ਹ ਕੇ ਅੰਦਰ ਡੱਕ ਦਿਤਾ ਸੀ ਤਾਂ ਸਤਿਗੁਰਾਂ ਨੇ ਬਾਲੇ ਸੰਧੂ ਨੂੰ ਕਿਹਾ, ਹੇ ਬਾਲਾ ਆਪਣਾ ਮਰਦਾਨਾ ਤਾਂ ਕਿਸੇ ਠੱਗ ਪਾਸ ਫੱਸ ਗਿਆ ਹੈ ਚਲੋ ਛਡਾਈਏ। ਬਾਲੇ ਕਿਹਾ ਜੀ ਆਪ ਜੀ ਦੇ ਬਚਨ ਤਾਂ ਮੰਨਦਾ ਨਹੀਂ ਹੁਣ ਨਾ ਛੁਡਾਓ। ਸਤਿਗੁਰਾਂ ਕਿਹਾ ਬਾਲਾ ਨਾਲ ਲਿਆਂਦੇ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸੱਜਣ ਠੱਗ ਨੂੰ ਦੇਖਿਆ ਜਾਕੇ ਚਿੱਟੇ ਬਸਤਰ ਪਾਕੇ ਚੰਗਾ ਸੁੰਦਰ ਮੰਜਾ ਡਾਹਕੇ ਠਾਠ-ਬਾਠ ਨਾਲ ਬੈਠਾ ਸੀ। ਸਤਿਗੁਰਾਂ ਕਿਹਾ ਕਿ ਸਾਡਾ ਮਰਦਾਨਾ ਆਇਆ ਹੈ ਤੇਰੇ ਪਾਸ। ਕਹਿੰਦਾ ਏਥੇ ਕੋਈ ਮਰਦਾਨਾ ਨਹੀਂ ਆਇਆ। ਸਤਿਗੁਰਾਂ ਕਿਹਾ ਮਰਦਾਨਾ ਬਾਹਰ ਆ। ਉਸੇ ਸਮੇਂ ਜਿੰਦੇ ਖੁੱਲ ਗਏ ਮਰਦਾਨਾ ਰੋਂਦਾ ਕੁਰਲਾਂਦਾ ਚਰਨਾਂ 'ਤੇ ਡਿੱਗ ਪਿਆ। ਸੱਜਣ ਅਸਚਰਜ ਹੋ ਗਿਆ ਕਿ ਕੈਸੇ ਉਤਮ ਪੁਰਖ ਆਏ ਹਨ।

ਸੂਹੀ ਮਹਲਾ ੧॥ ਸਜਣ ਸੇਈ ਨਾਲਿ ਮੈਂ ਚਲਦਿਆਂ ਨਾਲਿ ਚਲੰਨ੍ਹਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥

ਅਰਥ:- ਹੇ ਸਜਣ ਤੇਰੇ ਨਾਲ ਦੇ ਅਸਲੀ ਸਜਣ ਉਹੀ ਹਨ, ਜੋ ਜਮਾਂ ਦੇ ਮਾਰਗ ਵਿਚ ਤੇਰੀ ਮਦਦ ਕਰਨ। ਜਿਥੇ ਪ੍ਰਲੋਕ ਵਿਚ ਤੇਰੇ ਤੋਂ ਲੇਖਾ ਮੰਗਿਆ ਜਾਣਾ ਹੈ। ਉਥੇ ਤੇਰੇ ਬਰਾਬਰ ਖੜਕੇ ਨਰਕਾਂ ਤੋਂ ਬਚਾਂਦੇ ਹਨ।

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆਂ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥
(ਪੰਨਾ ੭੨੯)

ਅਰਥ:- ਸਜਣਾ ਇਹ ਜੇਹੜੇ ਮੰਡਪ ਬਿਲਡਿੰਗਾਂ ਉਸਾਰੀਆਂ ਹਨ, ਇਹਨਾਂ ਵਿਚ ਜੇ ਭਜਨੀਕ ਸੰਤ ਨਹੀਂ ਹੈ। ਇਹ ਢੱਠੀਆਂ ਦੇ ਸਮਾਨ ਹਨ, ਭਾਵੇਂ ਤੈਂ ਬਾਹਰੋਂ ਚਿਤ੍ਰ-ਕਾਰੀਆਂ ਕੀਤੀਆਂ ਹਨ, ਪਰ ਨਾਮ ਤੋਂ ਬਿਨਾਂ ਦਯਾ ਧਰਮ ਤੋਂ ਬਿਨਾਂ ਵਿਚੋਂ ਸਖਣੀਆਂ ਹਨ। ਸਜਣ ਨੇ ਮਾਫੀ ਮੰਗੀ। ਸੱਚੇ ਸਤਿਗੁਰੂ ਜੀ ਦੇ ਚਰਨਾਂ 'ਤੇ ਮਸਤਕ ਰਖ ਦਿਤਾ। ਸਤਿਗੁਰਾਂ ਨੇ ਪਾਪ ਕਰਮਾਂ ਤੋਂ ਰੋਕ ਕੇ ਧਰਮ ਕਰਮ ਦ੍ਰਿੜ ਕਰਵਾਇਆ। ਸੱਜਣ ਪੂਰਨ ਸਾਧੂ ਬਣ ਗਿਆ, ਅਸੀਂ ਵੀ ਬਿਲਡਿੰਗਾਂ ਦਾ ਧਿਆਨ ਜ਼ਿਆਦਾ ਰਖਦੇ ਹਾਂ। ਨਾਮੁ ਦੀ ਅਤੇ ਸੱਚ ਬੋਲਣ ਦੀ ਤਾਂ ਦੂਰ ਦੀ ਗੱਲ ਹੋ ਕੇ ਰਹਿ ਗਈ। ਧਰਮ ਦੀ ਗੱਲ ਘੱਟ ਤੇ ਸਿਆਸਤ ਤੇ ਪੂਰਾ ਜ਼ੋਰ ਲੱਗਾ ਹੈ। ਇੰਡੀਆ ਵਿਚ ਅਤੇ ਬਾਹਰਲੇ ਦੇਸ਼ਾਂ ਵਿਚ ਵੀ ਅਸੀਂ ਸਾਰੀਆਂ ਮਲਾਮਤਾਂ ਸਾਰੇ ਪਾਪ ਕਰਮ ਲੈ ਕੇ ਆਏ ਹਾਂ। ਜਿਹੜੇ ਗੁਰਦੁਆਰਿਆਂ ਵਿਚ ਕਬਜ਼ਿਆਂ ਦੇ ਝਗੜੇ ਨਹੀਂ ਮੁਕਦੇ, ਉਥੇ ਸ਼ਾਂਤੀ ਨਹੀਂ ਅਸ਼ਾਂਤੀ ਹੀ ਮਿਲੇਗੀ। ਆਉ ਆਪਾਂ ਸਤਿਗੁਰੂ ਅਰਜਨ ਦੇਵ ਜੀ ਦਾ ਹੁਕਮ ਸੁਣਦੇ ਹਾਂ।

ਸੂਹੀ ਮਹਲਾ ੫॥ ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ਰਹਾਉ॥
(ਪੰਨਾ ੭੪੫)

ਅਰਥ:- ਉਹ ਛੱਪਰੀ ਸੋਹਣੀ ਹੈ ਜਿਸ ਵਿਚ ਹਰੀ ਦੇ ਗੁਣ ਗਾਏ ਜਾਂਦੇ ਹਨ। ਉਹ ਪੱਕੇ ਧੌਲਹਰ ਮੰਦਰ ਕਿਸੇ ਕੰਮ ਨਹੀਂ ਜਿਨ੍ਹਾਂ ਮੰਦਰਾਂ ਵਿਚ ਵਸਣ ਨਾਲ ਹਰੀ ਭੁੱਲ ਜਾਵੇ, ਜੇਕਰ ਇਕ ਪਾਸੇ ਨਾਮ ਦੀ ਮਹਿਮਾ ਵੀ ਚਲਦੀ ਹੈ, ਦੂਜੇ ਪਾਸੇ ਬਿਲਡਿੰਗ 'ਤੇ ਕਬਜ਼ੇ ਦੇ ਦਾਅ-ਪੇਚ ਚਲਦੇ ਹੋਣ, ਸ਼ਾਂਤੀ ਨਹੀਂ ਮਿਲੇਗੀ।

ਸੁਖਮਨੀ ਮ: ੫॥ ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
(ਪੰਨਾ ੨੮੬)

ਅਰਥ:- ਜੋ ਆਪਣੇ ਮਨ ਨੂੰ ਸਤਿਗੁਰਾਂ ਪਾਸ ਵੇਚ ਦਿੰਦਾ ਹੈ, ਪ੍ਰਭੂ ਉਸ ਸੇਵਕ ਦੇ ਸਭ ਕਾਰਜ ਰਾਸਿ ਕਰ ਦਿੰਦਾ ਹੈ। ਜੋ ਸੇਵਾ ਨਿਸ਼ਕਾਮ ਕਾਮਨਾ ਤੋਂ ਬਿਨਾਂ ਕਰਦਾ ਹੈ, ਉਸਨੂੰ ਸੁਆਮੀ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਜੀ ਨੇ ਆਨੰਦਪੁਰ ਛੱਡਣ ਸਮੇਂ ਹੀਰੇ, ਮੋਤੀ, ਜਵਾਹਰਾਤ, ਨਕਦੀ ਸਤਲੁਜ ਦਰਿਆ ਵਿਚ ਪੰਡਾਂ ਬੰਨ੍ਹਕੇ ਆਪ ਪਾਸ ਖੜਕੇ ਸੁਟਵਾਏ ਸੀ, ਅਠਾਰਾਂ ਕਰੋੜ ਕੀਮਤ ਦਾ ਸੀ, ਮਾਤਾ ਜੀ ਕਹਿਣ ਲੱਗੇ ਏਥੇ ਕਿਉਂ ਰੋੜਦੇ ਹੋ ਕ੍ਰੋੜਾਂ ਰੁਪਇਆਂ ਦਾ ਮਾਲ, ਸਿੰਘਾਂ ਨੂੰ ਦੇ ਦਿਓ ਆਪਣੇ ਪਰਿਵਾਰਾਂ ਨੂੰ ਖਵਾਣਗੇ ਅਤੇ ਖ਼ੁਸ਼ ਹੋ ਕੇ ਵੈਰੀਆਂ ਨਾਲ ਜੰਗ-ਯੁੱਧ ਕਰਨਗੇ। ਗੁਰੂ ਜੀ ਕਿਹਾ ਮਾਤਾ ਜੀ ਤੁਸੀਂ ਮੈਨੂੰ ਦੋ ਰੋਟੀਆਂ ਵਿਚ ਮੁਹਰਾ ਪਾਕੇ ਦੇ ਦਿਓ। ਮਾਤਾ ਕਿਹਾ ਐਸਾ ਨਹੀਂ ਹੋ ਸਕਦਾ। ਕਿਸੇ ਮਾਂ ਪਾਸੋਂ, ਸਤਿਗੁਰਾਂ ਕਿਹਾ ਮੈਂ ਵੀ ਆਪਣੇ ਪੁਤ੍ਰਾਂ ਖਾਲਸੇ ਨੂੰ ਜ਼ਹਿਰ ਨਹੀਂ ਦੇ ਸਕਦਾ ਅਤੇ ਇਹਨਾਂ ਨੂੰ ਛਤਰੀ ਬਣਾਇਆ ਹੈ, ਹੁਣ ਪੂਜਾ ਦਾ ਧਨ ਖਵਾਕੇ ਦਲਿਦਰੀ ਕਿਵੇਂ ਬਣਾਵਾਂ? ਮਾਤਾ ਜੀ ਬਿਨਾਂ ਸੇਵਾ ਦੇ ਇਹ ਧਨ ਨਹੀਂ ਪਚੇਗਾ, ਸੇਵਾ ਕਰਦੇ ਸੀ ਲੰਗਰ ਪਾਣੀ ਦੀ, ਅਤੇ ਜੰਗ-ਯੁੱਧ ਲੜਦੇ ਸੀ ਤਾਂ ਪਚਾਂਦੇ ਸੀ! ਘਰੀਂ ਜਾਕੇ ਬਿਨਾ ਸੇਵਾ ਜ਼ਹਿਰ ਮੁਹਰਾ ਰੋਗੀ ਕਰਕੇ ਮਾਰੇਗਾ। ਜ਼ਰਾ ਸੋਚੋ ਜੀ! ਗੁਰੂ ਕੇ ਬਚਨ ਸੁਣੋ ਖਾਲਸਾ ਜੀ।

ਸਲੋਕ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ॥
ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ॥੧॥
(ਪੰਨਾ ੨੫੯)

ਅਰਥ:- ਜਿਨ੍ਹਾਂ ਨੇ ਪੂਰੇ ਗੁਰਾਂ ਦਾ ਮੰਤ੍ਰ ਮਨ ਵਿਚ ਧਾਰਿਆ ਹੈ। ਉਹ ਪੂਰੀ ਮੱਤ ਵਾਲਾ ਹੈ। ਉਹ ਪੂਰੀ ਮੱਤ ਵਾਲਾ ਸਾਰਿਆਂ 'ਚੋਂ ਪਰਧਾਨ ਹੈ। ਕੱਚੀਆਂ ਪਰਧਾਨਗੀਆਂ ਵਿਚ ਉਮਰਾਂ ਨਾ ਗਵਾਓ। ਪੱਕੀ ਪਰਧਾਨਗੀ ਲਈ ਉਦਮ ਕਰੋ। ਜਿਨ੍ਹਾਂ ਨੇ ਆਪਣਾ ਪ੍ਰਭੂ ਪਰਮਾਤਮਾ ਜਾਣਿਆ ਹੈ, ਉਹ ਭਗਵੰਤ ਦਾ ਸਰੂਪ ਹੋ ਜਾਂਦੇ ਹਨ॥੧॥ ਦੋਵਾਂ ਲੋਕਾਂ ਦੇ ਸੁੱਖ ਮਿਲਦੇ ਹਨ।

ਮ: ੩॥ ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥
ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ॥
(ਪੰਨਾ ੫੯੬)

ਅਰਥ:- ਜਿਨ੍ਹਾਂ ਨੇ ਸਤਿਗੁਰਾਂ ਦਾ ਭਉ ਡਰ ਧਾਰਨਾ ਛੱਡ ਦਿਤਾ ਹੈ ਉਹਨਾਂ ਮਨ ਹਠੀਆਂ ਦਾ ਕੋਈ ਕੰਮ ਰਾਸ ਨਹੀਂ ਆਉਂਦਾ। ਉਹ ਜਮਪੁਰੀ ਵਿਚ ਬੱਧੇ ਹੋਏ ਜਾਂਦੇ ਹਨ, ਕਿਤੇ ਪੁਕਾਰ ਨਹੀਂ ਸੁਣੀਂਦੀ। ਗੁਰੂ ਪਿਆਰੀ ਸਾਧ ਸੰਗਤਿ ਜੀਓ ਆਪ ਵਡਭਾਗੇ ਹੋ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹੋ ਪਰ ਹੁਕਮ ਮੰਨਕੇ ਪ੍ਰਾਪਤੀ ਹੁੰਦੀ ਹੈ। ਉਤੇ ਲਿਖੇ ਗੁਰੂ ਕੇ ਉਪਦੇਸ਼ ਨੂੰ ਗ੍ਰਹਿਣ ਕਰੇ ਤੋਂ ਬਿਨਾਂ ਪੂਰਨ ਪ੍ਰਾਪਤੀ ਨਹੀਂ ਹੁੰਦੀ। ਹੁਕਮ ਮੰਨੋ, ਤੁਹਾਡੇ ਗੁਰਪੁਰਬ ਮਨਾਏ ਸਫਲ ਹੋਣਗੇ।

ਮਹਲਾ ੪॥ ਸੇਵਕ ਸਿੱਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮਬਾਨੀ॥
ਗਾਵਿਆ ਸੁਣਿਆ ਤਿਨਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥
(ਪੰਨਾ ੬੬੯)

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

ਕਰਨੈਲ ਸਿੰਘ ਟੋਰਾਂਟੋ
416-746-7642

# ਯਕੀਨਨ ਹੀ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ ਹੈ

-ਦੀਪਿਕਾ ਅਰੋੜਾ



ਹਵਾ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਰੁਖ਼ ਦਿਖਾਉਂਦੇ ਹੋਏ ਭਾਰਤ ਸਰਕਾਰ ਇੱਕ ਨਵਾਂ ਆਰਡੀਨੈਂਸ ਲੈ ਆਈ ਹੈ। ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਜਾਰੀ ਆਰਡੀਨੈਂਸ ਹੇਠ ਪਹਿਲੀ ਵਾਤਾਵਰਣ ਅਤੇ ਪ੍ਰਦੂਸ਼ਣ (ਪ੍ਰਦੂਸ਼ਣ ਰੋਕਥਾਮ ਅਤੇ ਕੰਟਰੋਲ) ਅਥਾਰਟੀ ਨੂੰ ਰੱਦ ਕਰ ਕੇ ਰਾਜਧਾਨੀ ਦਿੱਲੀ ਤੇ ਗੁਆਂਢੀ ਇਲਾਕਿਆਂ ਵਿੱਚ ਯੋਗ ਹਵਾ ਗੁਣਵੱਤਾ ਪ੍ਰਬੰਧ ਲਈ ਇੱਕ ਕਮਿਸ਼ਨ ਬਣਾਇਆ ਜਾਵੇਗਾ। ਬੀਤੀ 28 ਅਕਤੂਬਰ 2020 ਨੂੰ ਇਸ ਆਰਡੀਨੈਂਸ 'ਤੇ ਰਾਸ਼ਟਰਪਤੀ ਨੇ ਮਨਜ਼ੂਰੀ ਦੀ ਮੋਹਰ ਲਾ ਦਿੱਤੀ ਹੈ। ਇਸ ਵਿੱਚ ਇਸ ਦੇ ਇੱਕ ਪ੍ਰਧਾਨ ਅਤੇ ਦਿੱਲੀ, ਹਰਿਆਣਾ, ਉਤਰ ਪ੍ਰਦੇਸ਼, ਪੰਜਾਬ, ਰਾਜਸਥਾਨ ਦੇ ਪ੍ਰਤੀਨਿਧਾਂ ਸਮੇਤ ਕੁੱਲ 18 ਮੈਂਬਰ ਹੋਣਗੇ, ਜਿਨ੍ਹਾਂ ਦੀ ਨਿਯੁਕਤੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ। ਕਮਿਸ਼ਨ ਕੋਲ ਕੇਸਾਂ ਦਾ ਖ਼ੁਦ ਨੋਟਿਸ ਲੈਣ, ਸ਼ਿਕਾਇਤਾਂ 'ਤੇ ਸੁਣਵਾਈ ਅਤੇ ਹੁਕਮ ਦੇਣ ਦਾ ਅਧਿਕਾਰ ਹੋਵੇਗਾ। ਕਿਸੇ ਵੀ ਵਿਵਸਥਾ, ਨਿਯਮ, ਨਿਰਦੇਸ਼ ਜਾਂ ਹੁਕਮ ਦੀ ਪਾਲਣਾ ਨਾ ਕਰਨੀ ਸਜ਼ਾ ਯੋਗ ਜੁਰਮ ਹੋਵੇਗਾ, ਜਿਸ ਹੇਠ ਪੰਜ ਸਾਲ ਕੈਦ ਜਾਂ ਇੱਕ ਕਰੋੜ ਦਾ ਜੁਰਮਾਨਾ ਜਾਂ ਦੋਵੇ ਹੋ ਸਕਦੇ ਹਨ। ਇਸ ਨੂੰ ਇੱਕ ਤਾਕਤਵਰ ਕਮਿਸ਼ਨ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਨਾ ਸਿਰਫ ਦਿੱਲੀ ਜਾਂ ਐਨ ਸੀ ਆਰ, ਸਗੋਂ ਗੁਆਂਢੀ ਸੂਬੇ ਵੀ ਇਸ ਦੇ ਪ੍ਰਭਾਵ ਅਧੀਨ ਰਹਿਣਗੇ।

ਬੇਸ਼ੱਕ ਸਾਰਾ ਦੋਸ਼ ਕਿਸਾਨਾਂ ਦੇ ਮੱਥੇ 'ਤੇ ਮੜ੍ਹ ਦਿੱਤਾ ਜਾਂਦਾ ਰਿਹਾ ਹੋਵੇ, ਪਰ ਰਿਪੋਰਟ ਦੱਸਦੀ ਹੈ ਕਿ ਦਿੱਲੀ ਅਤੇ ਨੇੜੇ-ਤੇੜੇ ਇਲਾਕਿਆਂ ਵਿੱਚ ਹਵਾ ਪ੍ਰਦੂਸ਼ਣ ਦਾ ਮੂਲ ਕਾਰਨ ਵਾਹਨਾਂ ਤੇ ਉਦਯੋਗਿਕ ਪਲਾਂਟਾਂ ਵੱਲੋਂ ਛੱਡਿਆ ਜਾਂਦਾ ਧੂੰਆਂ ਹੈ। ਇਸ ਸੱਚ ਨੂੰ ਵੀ ਨਹੀਂ ਨਕਾਰ ਸਕਦੇ ਕਿ ਪਰਾਲੀ ਸਾੜਨ ਨਾਲ ਪ੍ਰਦੂਸ਼ਣ ਵਧਦਾ ਹੈ। ਪੰਜਾਬ ਦੀ ਗੱਲ ਕਰੀਏ ਤਾਂ ਹਰ ਸਾਲ ਅਕਤੂਬਰ ਅਤੇ ਨਵੰਬਰ ਮਹੀਨਿਆਂ ਵਿੱਚ ਲੱਗਭਗ 200 ਲੱਖ ਟਨ ਪਰਾਲੀ ਵਿੱਚੋਂ ਲਗੱਭਗ 105 ਲੱਖ ਟਨ ਅੱਗ ਦੀ ਭੇਟ ਚੜ੍ਹ ਜਾਂਦੀ ਹੈ। ਸਰਕਾਰੀ ਯੋਜਨਾਵਾਂ, ਸਬਸਿਡੀ ਦੇ ਐਲਾਨਾਂ ਅਤੇ ਜਾਗਰੂਕਤਾ ਕੈਂਪਾਂ ਦੇ ਨਾਲ ਵੀ ਪਰਾਲੀ ਦਾ ਨਿਪਟਾਰਾ ਕਰਨ ਦਾ ਕੋਈ ਠੋਸ ਤੇ ਯੋਗ ਸਾਧਨ ਸੰਭਵ ਨਹੀਂ ਹੋ ਸਕਿਆ, ਸਗੋਂ ਕੋਰੋਨਾ ਕਾਲ 'ਚ ਸਭ ਤੋਂ ਵੱਧ ਮਜ਼ਬੂਰੀ ਜਾਂ ਕਿਰਤ ਦੇ ਨਾ ਹੋਣ ਕਾਰਨ ਪਿਛਲੇ ਦੋ ਸਾਲਾਂ ਦੇ ਮੁਕਾਬਲੇ ਪਰਾਲੀ ਸੜਨ ਦੇ ਮਾਮਲੇ 3 ਗੁਣਾ ਵਧਦੇ ਹਨ। ਸੈਟੇਲਾਈਟ ਰਿਪੋਰਟ ਅਨੁਸਾਰ ਜਿੱਥੇ ਪਿਛਲੇ ਸਾਲ 21 ਤੋਂ 24 ਸਤੰਬਰ ਦਰਮਿਆਨ 1744 ਮਾਮਲੇ ਆਏ ਸਨ, ਉਥੇ ਹੀ ਇਹ ਵਾਰ 12057 ਮਾਮਲੇ ਸਾਹਮਣੇ ਆਏ।

ਪਰਾਲੀ ਸਾੜਨ ਦਾ ਵੱਡਾ ਕਾਰਨ ਹੈਪੀ ਸੀਡਰ, ਸੁਪਰ ਸੀਡਰ ਵਰਗੇ ਆਧੁਨਿਕ ਤਕਨੀਕੀ ਯੰਤਰਾਂ ਦਾ ਮਹਿੰਗਾ ਹੋਣਾ ਹੈ। ਪਰਾਲੀ ਨਸ਼ਟ ਕਰਨ ਵਿੱਚ 12 ਤੋਂ 15 ਲਿਟਰ ਪ੍ਰਤੀ ਏਕੜ ਅਤੇ ਖੇਤ ਵਾਹੁਣ ਵਿੱਚ 4-5 ਲਿਟਰ ਪ੍ਰਤੀ ਏਕੜ ਦੀ ਖਪਤ ਹੁੰਦੀ ਹੈ, ਜਿਸ ਦਾ ਖਰਚਾ ਚੁੱਕ ਸਕਣਾ ਛੋਟੇ ਕਿਸਾਨਾਂ ਲਈ ਸੰਭਵ ਨਹੀਂ। ਬਿਨਾਂ ਸ਼ੱਕ ਪਰਾਲੀ ਸਾੜਨ ਨਾਲ ਨਾ ਸਿਰਫ ਵਾਤਾਵਰਣ ਦੂਸ਼ਿਤ ਹੁੰਦਾ ਹੈ, ਸਗੋਂ ਜ਼ਮੀਨ ਦੀ ਉਪਜਾਊ ਸਮਰੱਥਾ ਵੀ ਪ੍ਰਭਾਵਤ ਹੁੰਦੀ ਹੈ। ਅਨੇਕ ਮਿੱਤਰ ਜੀਵ ਅੱਗ ਵਿੱਚ ਭਸਮ ਹੋ ਜਾਂਦੇ ਹਨ। ਮਾਧਿਅਮ ਕੋਈ ਵੀ ਹੋਵੇ ਪ੍ਰਦੂਸ਼ਣ ਹਰੇਕ ਨਜ਼ਰੀਏ ਤੋਂ ਹਾਈਕਾਰਕ ਹੈ। ਸਮੋਗ ਕਾਰਨ ਨਾ ਸਿਰਫ ਹਾਦਸਿਆਂ ਵਿੱਚ ਵਾਧਾ ਹੁੰਦਾ ਹੈ, ਸਗੋਂ ਏਅਰ ਕੁਆਲਿਟੀ ਦਾ ਡਿੱਗਦਾ ਪੱਧਰ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰਕੇ ਅਨੇਕ ਰੋਗਾਂ ਨੂੰ ਜਨਮ ਦਿੰਦਾ ਹੈ। ਖਾਸ ਤੌਰ 'ਤੇ ਕੋਰੋਨਾ ਪੀੜਤਾਂ ਲਈ ਇਹ ਜਾਨ-ਲੇਵਾ ਸਿੱਧ ਹੋ ਸਕਦਾ ਹੈ।

ਮੁਕੰਮਲ ਵੇਰਵਾ ਆਉਣਾ ਅਜੇ ਬਾਕੀ ਹੈ, ਪਰ ਇਸ ਆਰਡੀਨੈਂਸ ਨੂੰ ਖੇਤੀਬਾੜੀ ਹਿੱਤਾਂ ਨਾਲ ਜੋੜ ਕੇ ਦੇਖੀਏ ਤਾਂ ਕਈ ਖਾਮੀਆਂ ਨਜ਼ਰ ਆਉਂਦੀਆਂ ਹਨ। ਪਹਿਲੀ ਨਜ਼ਰੇ ਸੂਬਾ ਸਰਕਾਰਾਂ ਨੂੰ ਵਿਚੋਲਗੀ ਦੇ ਅਧਿਕਾਰ ਤੋਂ ਵਾਂਝੇ ਰੱਖਣਾ ਇਸ ਨੂੰ ਇਕਪਾਸੜ ਸਾਬਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਦੋਸ਼ੀ ਨੂੰ ਸੂਬਾ ਸਰਕਾਰ ਤੋਂ ਕਿਸੇ ਕਿਸਮ ਦੀ ਮਦਦ ਨਹੀਂ ਮਿਲੀ ਸਕੇਗੀ। ਨਵੇਂ ਕਮਿਸ਼ਨ ਵਿੱਚ ਕੋਈ ਕਿਸਾਨ ਪ੍ਰਤੀਨਿਧ ਜਾਂ ਖੇਤੀਬਾੜੀ ਵਿਗਿਆਨੀ ਵੀ ਸ਼ਾਮਲ ਨਹੀਂ, ਜੋ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਜ਼ਮੀਨੀ ਤੌਰ 'ਤੇ ਸਮਝ ਕੇ ਸੁਝਾਅ ਦੇ ਸਕੇ। ਸੂਬਾ ਪ੍ਰਤੀਨਿਧੀ ਦੀ ਅਣਦੇਖੀ ਕੇਂਦਰੀ ਪੱਧਰ 'ਤੇ ਚੁਣੇ 13 ਮੈਂਬਰ ਦੀ ਰਾਇ ਪ੍ਰਭਾਵੀ ਹੋਣ ਦਾ ਖਦਸ਼ਾ ਰਹੇਗਾ, ਜਿਸ ਨਾਲ ਕਿਸਾਨਾਂ 'ਤੇ ਕੇਂਦਰ ਸੀ ਸਿੱਧੀ ਮਾਰ ਵਧੇਗੀ।

ਖੇਤੀਬਾੜੀ ਸਬੰਧੀ ਕੋਈ ਵੀ ਨਿਰਦੇਸ਼ ਦੇਣ ਦਾ ਅਧਿਕਾਰ ਕਮਿਸ਼ਨ ਨੂੰ ਤਾਨਾਸ਼ਾਹ ਬਣਾ ਸਕਦਾ ਹੈ। ਦੋਸ਼ੀ ਪਾਏ ਜਾਣ 'ਤੇ ਕਿਸਾਨਾਂ ਨੂੰ ਬਿਜਲੀ, ਪਾਣੀ ਆਦਿ ਸਪਲਾਈ ਬੰਦ ਕੀਤੇ ਜਾਣ ਦੇ ਨਾਲ ਉਨ੍ਹਾਂ ਵੱਲੋਂ ਝੋਨੇ ਦੀ ਬਿਜਾਈ ਕੀਤੇ ਜਾਣ 'ਤੇ ਵੀ ਪਾਬੰਦੀ ਲੱਗ ਸਕਦੀ ਹੈ। ਇਸ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਕਮਾਉਣ 'ਤੇ ਵੀ ਨਾਂਹ-ਪੱਖੀ ਅਸਰ ਪਵੇਗਾ।

ਯਕੀਨਨ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ ਹੈ, ਪਰ ਇੰਨਾ ਵੱਡਾ ਜੁਰਮਾਨਾ ਜਾਂ ਪੰਜ ਸਾਲ ਕੈਦ ਇਸ ਦਾ ਪੱਕਾ ਹੱਲ ਨਹੀਂ। ਸਮੱਸਿਆ ਦਾ ਹੱਲ ਸਹੀ ਢੰਗ ਨਾਲ ਹੀ ਹੋ ਸਕੇਗਾ। ਕਿਸਾਨ ਪੂਰੇ ਦੇਸ਼ ਦਾ ਢਿੱਡ ਭਰਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੀ ਇਹ ਸਾਂਝੀ ਜ਼ਿੰਮੇਵਾਰੀ ਹੈ ਕਿ ਨਿੱਜੀ ਸਵਾਰਥਾਂ ਜਾਂ ਰਲਗੱਡ ਭਾਵਨਾਵਾਂ ਤੋਂ ਉਪਰ ਉਠ ਕੇ ਸਾਰੀਆਂ ਗ੍ਰਾਮ ਪੰਚਾਇਤਾਂ ਵਿੱਚ ਗਰੀਬ ਕਿਸਾਨਾਂ ਨੂੰ ਆਧੁਨਿਕ ਤਕਨੀਕੀ ਸਹੂਲਤਾਂ ਮੁਫ਼ਤ-ਸਸਤੀਆਂ ਦਰਾਂ 'ਤੇ ਦਿੱਤੀਆਂ ਜਾਣ ਤੇ ਯੋਗ ਮੁਆਵਜ਼ੇ ਦੀ ਵਿਵਸਥਾ ਕਰਨ ਤਾਂ ਕਿ ਪਰਾਲੀ ਪ੍ਰਦੂਸ਼ਣ ਫੈਲਾਉਣ ਦਾ ਕਾਰਨ ਨਾ ਬਣ ਕੇ ਚਾਰਾ ਆਦਿ ਬਦਲਵੀਂ ਵਰਤੋਂ ਦਾ ਸਹੀ ਜ਼ਰੀਆ ਬਣੇ। ਹੁਕਮ, ਨਿਰਦੇਸ਼ ਅਤੇ ਸਜ਼ਾ ਦਾ ਵਿਧਾਨ ਅਜਿਹੇ ਹੋਣ, ਜਿਨ੍ਹਾਂ ਤੋਂ ਸਿੱਖਿਆ ਮਿਲੇ, ਨਾ ਉਹ ਕਿਸਾਨ ਵਰਗ ਲਈ ਫਾਂਸੀ ਦਾ ਫੰਦਾ ਬਣਨ, ਨਹੀਂ ਤਾਂ ਅਜਿਹਾ ਨਾ ਹੋਵੇ ਕਿ ਪਹਿਲਾਂ ਹੀ 3 ਖੇਤੀਬਾੜੀ ਕਾਨੂੰਨ ਨਾਲ ਜੂਝ ਰਹੇ ਅੰਨਦਾਤਾ ਦਾ ਗੁੱਸਾ ਲਾਵਾ ਬਣ ਕੇ ਫੁੱਟ ਪਵੇ ਅਤੇ ਸਮਾਧਾਨ ਘਮਾਸਾਨ ਵਿੱਚ ਬਦਲ ਜਾਵੇ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

PUNJABI RANG RADIO
CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

# ਕਿਸਾਨੀ ਸੰਘਰਸ਼ ਚੱਲਦੇ ਤੋਂ 'ਇੱਕ ਦੇਸ਼, ਇੱਕ ਚੋਣ' ਦਾ ਅਗਲਾ ਜੁਮਲਾ ਪੇਸ਼



ਜਤਿੰਦਰ ਪੰਨੂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਣਨੀਤੀ ਇਹ ਰਹੀ ਹੈ, ਅਤੇ ਅੱਜ ਵੀ ਹੈ ਕਿ ਇੱਕ ਸਮੱਸਿਆ ਖੜੀ ਹੁੰਦੀ ਹੈ ਤਾਂ ਉਸ ਦਾ ਹੱਲ ਕੱਢਣ ਦੀ ਥਾਂ ਨਵਾਂ ਸ਼ੋਸ਼ਾ, ਅੱਜਕੱਲ੍ਹ ਇਹੋ ਜਿਹੇ ਸ਼ਬਦ ਦੀ ਥਾਂ 'ਜੁਮਲਾ' ਆਖਿਆ ਜਾਂਦਾ ਹੈ, ਪੇਸ਼ ਕਰ ਕੇ ਬਹਿਸ ਦਾ ਰੁਖ ਹੋਰ ਪਾਸੇ ਮੋੜ ਦਿੱਤਾ ਜਾਂਦਾ ਹੈ। ਜਦੋਂ ਦੇਸ਼ ਵਿੱਚ ਮੋਦੀ ਸਰਕਾਰ ਦੇ ਬਣਾਏ ਨਾਗਰਿਕਤਾ ਸੋਧ ਕਾਨੂੰਨ ਬਾਰੇ ਬਹਿਸ ਹੋ ਰਹੀ ਸੀ ਤਾਂ ਅਚਾਨਕ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਧਾਰਾ ਤਿੰਨ ਸੌ ਸੱਤਰ ਤੋੜੀ ਤੇ ਉਸ ਰਾਜ ਦੇ ਦੋ ਹਿੱਸੇ ਕਰ ਦਿੱਤੇ ਸਨ। ਕੋਰੋਨਾ ਵਾਇਰਸ ਦੇ ਦਿਨਾਂ ਵਿੱਚ ਜਦੋਂ ਇਹ ਗੱਲ ਚਰਚਾ ਦਾ ਵਿਸ਼ਾ ਬਣਨ ਲੱਗੀ ਕਿ ਪ੍ਰਧਾਨ ਮੰਤਰੀ ਦੇ ਦਾਅਵੇ ਧਰ-ਧਰਾਏ ਰਹਿ ਗਏ ਤੇ ਮਹਾਮਾਰੀ ਵਧਦੀ ਜਾਂਦੀ ਹੈ ਤਾਂ ਕਿਸਾਨ ਭਾਈਚਾਰੇ ਨੂੰ ਠਿੱਬੀ ਲਾਉਣ ਵਾਲੇ ਤਿੰਨ ਆਰਡੀਨੈਂਸ ਅਚਾਨਕ ਜਾਰੀ ਕਰ ਦਿੱਤੇ ਸਨ। ਮੋਦੀ ਸਾਹਿਬ ਤੇ ਉਨ੍ਹਾਂ ਦੇ ਮੰਤਰੀ ਏਦਾਂ ਦਾ ਦਾਅਵਾ ਕਰਦੇ ਸਨ ਕਿ ਇਹ ਤਿੰਨ ਕਾਨੂੰਨ ਕਿਸਾਨਾਂ ਦਾ ਭਲਾ ਕਰਨ ਵਾਲੇ ਹਨ ਤੇ ਕਿਸਾਨ ਆਗੂ ਇਹ ਕਹੀ ਜਾਂਦੇ ਸਨ ਕਿ ਇਨ੍ਹਾਂ ਨੇ ਕਿਸਾਨਾਂ ਨੂੰ ਜਿਊਣ ਜੋਗੇ ਨਹੀਂ ਛੱਡਣਾ। ਇਸ ਬਾਰੇ ਕਿਸਾਨਾਂ ਨਾਲ ਗੱਲ ਕਰਨ ਦੀ ਥਾਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਜਿੱਥੇ ਧਰਨਾ ਲਾ ਕੇ ਬੈਠੇ ਸਨ, ਓਥੇ ਬੈਠੇ ਰਹਿਣ ਦਿੱਤਾ ਅਤੇ ਇਹੋ ਜਿਹਾ ਵਤੀਰਾ ਧਾਰਨ ਕਰ ਲਿਆ, ਜਿਵੇਂ ਉਸ ਨੂੰ ਉਨ੍ਹਾਂ ਦੇ ਮਰਨ-ਜਿਊਣ ਦੀ ਕੋਈ ਪ੍ਰਵਾਹ ਹੀਂ ਨਹੀਂ ਹੁੰਦੀ। ਸਬਰ ਦਾ ਪੈਮਾਨਾ ਭਰਨ ਲੱਗਾ ਤਾਂ ਕਿਸਾਨ ਆਪਣੇ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਕੂਚ ਕਰਨ ਲੱਗ ਪਏ। ਐਨ ਇਸ ਮੌਕੇ ਮੋਦੀ ਸਾਹਿਬ ਨੇ ਨਵਾਂ ਮੁੱਦਾ ਛੇੜ ਦਿੱਤਾ ਹੈ। ਉਨ੍ਹਾਂ ਸਮੁੱਚੇ ਭਾਰਤ ਵਿੱਚ ਇੱਕੋ ਵਾਰ ਚੋਣਾਂ ਕਰਾਉਣ ਲਈ 'ਇੱਕ ਦੇਸ਼, ਇੱਕ ਚੋਣ' ਦਾ ਨਾਅਰਾ ਚੁੱਕ ਦਿੱਤਾ ਹੈ, ਜਿਸ ਨਾਲ ਭਾਰਤ ਦੇ ਸਾਰੇ ਰਾਜਾਂ ਵਿੱਚ ਇਹ ਬਹਿਸ ਛਿੜ ਗਈ ਹੈ ਕਿ ਇਹੋ ਜਿਹੀ ਚੋਣ ਕਿੱਦਾਂ ਦੀ ਹੋਵੇਗੀ ਤੇ ਕਦੋਂ ਹੋਵੇਗੀ?

ਪਹਿਲਾਂ ਭਾਰਤ ਦੇ ਲੋਕਾਂ ਨੂੰ ਇਹ ਸਮਝ ਨਹੀਂ ਸੀ ਆਇਆ ਕਿ ਜਦੋਂ ਲੋਕ ਕੋਰੋਨਾ ਦੇ ਜਾਲ ਵਿੱਚ ਫਸੇ ਹੋਏ ਸਨ, ਐਨ ਓਦੋਂ ਕਿਸਾਨਾਂ ਦੇ ਪੈਰਾਂ ਨੂੰ ਬੇੜੀਆਂ ਪਾਉਣ ਵਾਲੇ ਤਿੰਨ ਕਾਨੂੰਨ ਪਾਸ ਕਰਨ ਦੀ ਕੀ ਲੋੜ ਸੀ? ਇਸ ਕੰਮ ਲਈ ਕੁਝ ਸਮਾਂ ਉਡੀਕ ਕਿਉਂ ਨਹੀਂ ਸੀ ਕੀਤੀ ਜਾ ਸਕੀ? 'ਇਕ ਦੇਸ਼, ਇੱਕ ਚੋਣ' ਦਾ ਮੁੱਦਾ ਵੀ ਨਵਾਂ ਨਹੀਂ। ਇਸ ਬਾਰੇ ਪਹਿਲਾਂ ਕਦੇ-ਕਦਾਈਂ ਗੱਲ ਚੱਲਦੀ ਤੇ ਰੁਕਦੀ ਰਹੀ ਹੈ। ਫਿਰ ਇਸ ਨੂੰ ਇਸੇ ਵਕਤ, ਜਦੋਂ ਕਿਸਾਨੀ ਦੇ ਭਵਿੱਖ ਦਾ ਮੁੱਦਾ ਭਖਿਆ ਪਿਆ ਹੈ, ਅਗਲੀ ਰਾਜਨੀਤਕ ਬਹਿਸ ਲਈ ਏਜੰਡੇ ਵਜੋਂ ਪੇਸ਼ ਕਰਨ ਦੀ ਕੀ ਲੋੜ ਸੀ? ਕਾਹਲ ਕਰਨ ਦੀ ਥਾਂ ਇਹ ਮੁੱਦਾ ਕੁਝ ਚਿਰ ਪਿੱਛੋਂ ਵੀ ਉਠਾਇਆ ਜਾ ਸਕਦਾ ਸੀ, ਪਰ ਇੱਕ ਰਣਨੀਤੀ ਅਧੀਨ ਇਸ ਵੇਲੇ ਪੇਸ਼ ਕੀਤਾ ਗਿਆ ਹੈ।

ਚੋਣਾਂ ਨਾਲ ਸੰਬੰਧਤ ਦੋ ਮੁੱਦੇ ਏਦਾਂ ਦੇ ਹਨ, ਜਿਹੜੇ ਇੱਕ ਖਾਸ ਸੋਚਣੀ ਹੇਠ ਕਈ ਵਾਰੀ ਪੇਸ਼ ਕੀਤੇ ਗਏ ਤੇ ਜਦੋਂ ਲੋਕਾਂ ਨੇ ਨਹੀਂ ਚੁੱਕੇ ਤਾਂ ਠੱਪੇ ਜਾਂਦੇ ਰਹੇ ਹਨ। ਇੱਕ ਮੁੱਦਾ ਕਈ ਸਾਲ ਪਹਿਲਾਂ ਲਾਲ ਕ੍ਰਿਸ਼ਨ ਅਡਵਾਨੀ ਨੇ ਹਰ ਨਾਗਰਿਕ ਲਈ ਵੋਟ ਪਾਉਣਾ ਲਾਜ਼ਮੀ ਕਰ ਦੇਣ ਦਾ ਉਛਾਲਿਆ ਤੇ ਇਹ ਤਜਵੀਜ਼ ਦਿੱਤੀ ਸੀ ਕਿ ਜਿਹੜਾ ਵੋਟ ਨਹੀਂ ਪਾਵੇਗਾ, ਉਸ ਦੇ ਲਈ ਜੇਲ੍ਹ ਦੀ ਸਜ਼ਾ ਰੱਖੀ ਜਾਵੇਗੀ। ਮੈਂ ਓਦੋਂ ਇਸ ਦੇ ਵਿਰੁੱਧ ਲਿਖਿਆ ਸੀ ਕਿ ਭਾਰਤ ਵਿੱਚ ਇਹ ਵੀ ਮਿਸਾਲਾਂ ਹਨ, ਜਿੱਥੇ ਕਿਸੇ ਚੋਣ ਵਿੱਚ ਇੱਕੋ ਹਲਕੇ ਵਿੱਚ ਦੋ ਜਾਂ ਤਿੰਨ ਮੁੱਖ ਉਮੀਦਵਾਰ ਲੁੱਚੇ-ਬਦਮਾਸ਼ ਹੀ ਖੜੇ ਹੋ ਜਾਂਦੇ ਹਨ, ਜਿੱਤਣਾ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਹੁੰਦਾ ਸੀ, ਉਸ ਹਾਲਤ ਵਿੱਚ ਜੇ ਕੋਈ ਨਾਗਰਿਕ ਵੋਟ ਪਾਉਣ ਮਗਰੋਂ ਪੰਜ ਸਾਲ ਆਪਣੇ ਮਨ ਵਿੱਚ ਸ਼ਰਮ ਦਾ ਅਹਿਸਾਸ ਹੰਢਾਉਣ ਦੀ ਬਜਾਏ ਵੋਟ ਦੇਣ ਨਹੀਂ ਜਾਣਾ ਚਾਹੁੰਦਾ ਤਾਂ ਇਸ ਲੋਕਤੰਤਰ ਵਿੱਚ ਉਸ ਨੂੰ ਇਸ ਪ੍ਰਕਿਰਿਆ ਤੋਂ ਦੂਰ ਰਹਿਣ ਦਾ ਹੱਕ ਵੀ ਹੋਣਾ ਚਾਹੀਦਾ ਹੈ, ਉਸ ਨੂੰ ਕਿਸੇ ਇੱਕ ਬਦਮਾਸ਼ ਨੂੰ ਵੋਟ ਪਾਉਣ ਲਈ ਮਜਬੂਰ ਕਰਨਾ ਗਲਤ ਹੈ। ਉੱਤਰ ਪ੍ਰਦੇਸ਼ ਵਿੱਚ ਇੱਕ ਵਾਰ ਇੱਕੋ ਹਲਕੇ ਵਿੱਚ ਤਿੰਨ ਵੱਡੀਆਂ ਪਾਰਟੀਆਂ ਨੇ ਜਿਹੜੇ ਉਮੀਦਵਾਰ ਖੜੇ ਕੀਤੇ, ਉਹ ਤਿੰਨੇ ਕਤਲ ਕੇਸਾਂ ਵਿੱਚ ਇੱਕੋ ਜੇਲ੍ਹ ਵਿੱਚ ਬੰਦ ਸਨ ਤੇ ਜਿਹੜਾ ਇੱਕ ਜਿੱਤ ਗਿਆ, ਉਸ ਨੇ ਸਾਰੀ ਜੇਲ੍ਹ ਦੇ ਕੈਦੀਆਂ ਦੀ ਪਾਰਟੀ ਕੀਤੀ ਅਤੇ ਆਪਣੇ ਮੁਕਾ-ਬਲੇ ਵਿੱਚ ਹਾਰੇ ਹੋਏ ਦੋਵਾਂ ਉਮੀਦਵਾਰਾਂ ਨੂੰ ਵੀ ਸ਼ਰਾਬ ਦੀਆਂ ਬੋਤਲਾਂ ਅਤੇ ਮੀਟ-ਮੁਰਗਾ ਭੇਜੇ ਸਨ। ਇਹੋ ਜਿਹੇ ਹਲਕੇ ਵਿੱਚ ਰਹਿੰਦੇ ਕਿਸੇ ਜ਼ਮੀਰ ਵਾਲੇ ਵੋਟਰ ਨੂੰ ਏਦਾਂ ਦੇ ਤਿੰਨਾਂ ਵਿੱਚੋਂ ਕਿਸੇ ਇੱਕ ਬਦਮਾਸ਼ ਜਾਂ ਕਾਤਲ ਨੂੰ ਵੋਟ ਲਈ ਮਜਬੂਰ ਕਿਉਂ ਕਰਨਾ ਚਾਹੀਦਾ ਹੈ? ਜੇ ਉਹ ਇਸ ਕਿਸਮ ਦੇ ਲੋਕਤੰਤਰੀ ਰੰਗ ਤੋਂ ਲਾਂਭੇ ਰਹਿਣਾ ਚਾਹੁੰਦਾ ਹੈ ਤਾਂ ਉਸ ਨੂੰ ਲਾਂਭੇ ਰਹਿਣ ਦਾ ਹੱਕ ਵੀ ਹੋਣਾ ਚਾਹੀਦਾ ਹੈ।

ਜਿਹੜਾ 'ਇੱਕ ਦੇਸ਼, ਇੱਕ ਚੋਣ' ਦਾ ਮੁੱਦਾ ਇਸ ਹਫਤੇ ਨਰਿੰਦਰ ਮੋਦੀ ਨੇ ਚੁੱਕਿਆ ਹੈ, ਇਹ ਵੀ ਬੇਹੀ ਕੜ੍ਹੀ ਦਾ ਉਬਾਲਾ ਹੈ। ਕਈ ਸਾਲ ਪਹਿਲਾਂ ਇਹੋ ਵਿਚਾਰ ਲਾਲ ਕ੍ਰਿਸ਼ਨ ਅਡਵਾਨੀ ਨੇ ਵਾਜਪਾਈ ਸਰਕਾਰ ਦੇ ਵਕਤ ਉਭਾਰ ਕੇ ਪੇਸ਼ ਕੀਤਾ ਸੀ, ਪਰ ਓਦੋਂ ਵਿਰੋਧ ਹੁੰਦਾ ਵੇਖ ਕੇ ਛੱਡਣਾ ਪਿਆ ਸੀ। ਅੱਜ ਜਦੋਂ ਨਰਿੰਦਰ ਮੋਦੀ ਨੂੰ ਪਤਾ ਹੈ ਕਿ ਉਸ ਦੇ ਵਿਰੋਧ ਵਿੱਚ ਬੋਲਣ ਦੀ ਜੁਰਅੱਤ ਕਰਨ ਵਾਲੇ ਬਹੁਤੇ ਲੋਕ ਨਹੀਂ ਰਹਿ ਗਏ ਤਾਂ ਆਪਣੇ ਸਿਆਸੀ ਗੁਰੂ ਅਡਵਾਨੀ ਵਾਲੀ ਧਾਰਨਾ ਫਿਰ ਪੇਸ਼ ਕਰ ਦਿੱਤੀ ਹੈ। ਇਹੋ ਧਾਰਨਾ ਉਨ੍ਹਾਂ ਨੇ ਚਾਰ ਸਾਲ ਪਹਿਲਾਂ ਵੀ ਚੁੱਕੀ ਸੀ, ਪਰ ਨਬਜ਼ ਟੋਹਣ ਪਿੱਛੋਂ ਛੱਡ ਦਿੱਤੀ ਗਈ ਸੀ। ਇਸ ਵਾਰ ਫਿਰ ਜਿਵੇਂ ਉਛਾਲੀ ਗਈ ਹੈ, ਇਸ ਦੇ ਨਾਲ ਬਹਿਸ ਛਿੜ ਗਈ ਹੈ। ਅਮਰੀਕਾ ਵੱਲ ਝੁਕਦੇ ਹੋਣ ਕਾਰਨ ਭਾਜਪਾ ਆਗੂ ਬਹੁਤ ਚਿਰਾਂ ਤੋਂ ਸਿਰਫ 'ਇੱਕ ਦੇਸ਼, ਇੱਕ ਚੋਣ' ਹੀ ਨਹੀਂ, ਅਮਰੀਕਾ ਵਾਂਗ ਦੇਸ਼ ਦੇ ਵੋਟਰਾਂ ਵੱਲੋਂ ਰਾਸ਼ਟਰਪਤੀ ਦੀ ਸਿੱਧੀ ਚੋਣ ਅਤੇ ਉਸ ਰਾਸ਼ਟਰਪਤੀ ਦੇ ਹੱਥ ਸਾਰੀ ਤਾਕਤ ਹੋਣ ਵਾਲਾ ਰਾਜ ਪ੍ਰਬੰਧ ਵੀ ਲਾਗੂ ਹੋਇਆ ਮੰਗਦੇ ਰਹੇ ਹਨ। ਇਸ ਪਿੱਛੇ ਇੱਕ ਖਾਸ ਰਾਜਨੀਤੀ ਇਹ ਹੈ ਕਿ ਅੱਧ-ਪੜ੍ਹੀ ਅਤੇ ਆਪੋ-ਆਪਣੇ ਫਿਰਕੇ ਦੇ ਨਾਂਅ ਉੱਤੇ ਲੜਨ ਲਈ ਤਿਆਰ ਰਹਿੰਦੀ ਇਸ ਦੇਸ਼ ਦੀ ਜਨਤਾ ਵਿੱਚੋਂ ਬਹੁ-ਗਿਣਤੀ ਧਰਮ ਦੇ ਲੋਕਾਂ ਨੂੰ ਧਾਰਮਿਕਤਾ ਦਾ ਰੰਗ ਚਾੜ੍ਹ ਕੇ ਇੱਕੋ ਧਰਮ ਦਾ ਰਾਜ ਕਾਇਮ ਕਰਨ ਲਈ ਵਰਤਿਆ ਜਾ ਸਕਦਾ ਹੈ। ਇਹ ਨੀਤੀ ਅਜੇ ਤੱਕ ਕਾਮਯਾਬ ਨਹੀਂ ਹੋਈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਛੱਡ ਦਿੱਤੀ ਹੈ, ਕੁਝ ਚਿਰ ਬਾਅਦ ਇਹੋ ਮੁੱਦਾ ਫਿਰ ਉੱਠ ਸਕਦਾ ਹੈ।

ਜਿੱਥੋਂ ਤੱਕ 'ਇੱਕ ਦੇਸ਼, ਇੱਕ ਚੋਣ' ਦੀ ਪ੍ਰਣਾਲੀ ਦਾ ਸਵਾਲ ਹੈ, ਉਹ ਭਾਰਤ ਵਰਗੇ ਰਾਜਾਂ ਦੀ ਰਾਜਨੀਤੀ ਅੰਦਰ ਅਸਥਿਰਤਾ ਵਾਲੇ ਮਾਹੌਲ ਵਿੱਚ ਫਿੱਟ ਨਹੀਂ ਬੈਠ ਸਕਦਾ, ਪਰ ਮੌਜੂਦਾ ਹਾਲਾਤ ਵਿੱਚ ਭਾਜਪਾ ਨੂੰ ਠੀਕ ਰਹੇਗਾ। ਏਦਾਂ ਦੀ ਧਾਰਨਾ ਹੇਠ ਜੇ ਸਾਰੇ ਦੇਸ਼ ਵਿੱਚ ਇੱਕੋ ਵਾਰ ਚੋਣਾਂ ਹੋਣ ਤੇ ਫਿਰ ਪੰਜ ਸਾਲ ਤੱਕ ਕੋਈ ਚੋਣ ਨਾ ਹੋਣੀ ਨਾ ਹੋਵੇ ਤਾਂ ਅਗਲੀ ਸਮੱਸਿਆ ਇਹ ਹੈ ਕਿ ਕਿਸੇ ਰਾਜ ਵਿੱਚ ਕੋਈ ਪਾਰਟੀ ਪਾਟ ਗਈ ਤੇ ਕਿਸੇ ਧਿਰ ਨਾਲ ਬਹੁ-ਸੰਮਤੀ ਨਾ ਹੋਣ ਦੀ ਹਾਲਤ ਬਣ ਜਾਵੇਗੀ ਤਾਂ ਕੀ ਹੋਵੇਗਾ? ਓਥੇ ਕਿਸੇ ਧਿਰ ਕੋਲ ਬਹੁ-ਸੰਮਤੀ ਨਾ ਰਹੀ ਤੇ ਕੋਈ ਵੀ ਸਰਕਾਰ ਹੀ ਨਾ ਬਣ ਸਕੀ ਤਾਂ ਰਾਜ ਕੌਣ ਚਲਾਵੇਗਾ? ਸਾਫ ਹੈ ਕਿ ਓਦੋਂ ਪੰਜ ਸਾਲ ਪੂਰੇ ਹੋਣ ਤੱਕ ਨਵੀਂ ਚੋਣ ਕਰਵਾਉਣ ਦੀ ਕੋਈ ਵਿਚਾਰ ਨਹੀਂ ਕੀਤੀ ਜਾਵੇਗੀ, ਸਗੋਂ ਕੇਂਦਰ ਸਰਕਾਰ ਓਥੇ ਰਾਸ਼ਟਰਪਤੀ ਰਾਜ ਲਾਗੂ ਕਰੇਗੀ ਅਤੇ ਕਿਸੇ ਹਾਰੇ ਹੋਏ ਆਗੂ ਨੂੰ ਗਵਰਨਰ ਲਾ ਕੇ ਉਸ ਦੇ ਰਾਹੀਂ ਆਪਣੀ ਬਹੁ-ਸੰਮਤੀ ਦੇ ਬਗੈਰ ਵੀ ਦਿੱਲੀ ਵਿੱਚੋਂ ਉਸ ਰਾਜ ਦੀ ਸਰਕਾਰ ਚਲਾਵੇਗੀ।

ਦੂਸਰੀ ਸਮੱਸਿਆ ਇਹ ਹੈ ਕਿ ਫਰਜ਼ ਕਰੋ ਕਿ ਕੇਂਦਰ ਦੀ ਸਰਕਾਰ ਕਿਸੇ ਉਲਝਣ ਵਿੱਚ ਫਸ ਕੇ ਟੁੱਟ ਜਾਂਦੀ ਤੇ ਪਾਰਲੀਮੈਂਟ ਚੋਣ ਕਰਵਾਉਣੀ ਪੈ ਜਾਂਦੀ ਹੈ। ਇਹ ਸਮੱਸਿਆ ਕੇਂਦਰ ਸਰਕਾਰ ਦੀ ਹੋਵੇਗੀ, ਪਰ 'ਇੱਕ ਦੇਸ਼, ਇੱਕ ਚੋਣ' ਦਾ ਫਾਰਮੂਲਾ ਹੋਣ ਕਾਰਨ ਠੀਕ-ਠਾਕ ਚੱਲਦੇ ਹੋਣ ਦੇ ਬਾਵਜੂਦ ਸਾਰੀਆਂ ਵਿਧਾਨ ਸਭਾਵਾਂ ਤੋੜਨ ਤੇ ਹਰ ਰਾਜ ਦੇ ਲਈ ਨਵੀਂਆਂ ਵਿਧਾਨ ਸਭਾ ਚੋਣਾਂ ਕਰਾਉਣ ਦਾ ਕਜ਼ੀਆ ਕਰਨਾ ਪੈ ਜਾਵੇਗਾ। ਜਿਹੜੇ ਰਾਜ ਠੀਕ ਚੱਲ ਰਹੇ ਹਨ, ਉਨ੍ਹਾਂ ਦੇ ਲੋਕਾਂ ਨੂੰ ਕੇਂਦਰ ਦੀ ਸਰਕਾਰ ਟੁੱਟਣ ਦੀ ਸਜ਼ਾ ਕਿਸ ਲਈ ਦਿੱਤੀ ਜਾਵੇਗੀ, ਪਤਾ ਨਹੀਂ। ਸਭ ਤੋਂ ਵੱਡੀ ਗੱਲ ਤਾਂ ਇਹ ਕਿ ਅੱਜ ਇਹ ਫਾਰਮੂਲਾ ਲਾਗੂ ਕਰਨ ਦੀ ਤਜਵੀਜ਼ ਪਾਸ ਹੁੰਦੀ ਹੈ ਤਾਂ ਪੰਜਾਬ ਨੂੰ ਬਹੁਤਾ ਫਰਕ ਨਹੀਂ ਪੈਣਾ, ਏਥੇ ਵਿਧਾਨ ਸਭਾ ਚੋਣਾਂ ਵਿੱਚ ਉਂਜ ਵੀ ਮਸਾਂ ਸਵਾ ਸਾਲ ਬਾਕੀ ਹੈ, ਪਰ ਜਿਸ ਬਿਹਾਰ ਦੀ ਚੋਣ ਹਾਲੇ ਪੰਝੀ ਦਿਨ ਪਹਿਲਾਂ ਨਿੱਬੜੀ ਹੈ, ਉਸ ਰਾਜ ਦੀ ਵਿਧਾਨ ਸਭਾ ਵੀ ਅੱਜ ਜਾਂ ਅਗਲੇ ਸਾਲ ਜਾਂ ਵੱਧ ਤੋਂ ਵੱਧ ਅਗਲੇਰੇ ਸਾਲ ਮਿਆਦ ਹੰਢਾਉਣ ਤੋਂ ਬਿਨਾਂ ਤੋੜ ਕੇ ਫਿਰ ਪਾਰਲੀਮੈਂਟ ਦੇ ਨਾਲ ਚੋਣਾਂ ਕਰਾਈਆਂ ਜਾਣਗੀਆਂ। ਇਹ ਓਥੋਂ ਦੇ ਲੋਕਾਂ ਨੂੰ ਸਜ਼ਾ ਦੇਣ ਬਰਾਬਰ ਹੋਵੇਗਾ। ਇਹ ਸਭ ਵਿਚਾਰ ਇਸ ਵਕਤ ਬਹਿਸ ਦਾ ਮੁੱਦਾ ਬਣ ਰਹੇ ਹਨ, ਪਰ ਜਿਸ ਪ੍ਰਧਾਨ ਮੰਤਰੀ ਨੇ ਇਨ੍ਹਾਂ ਵਿਚਾਰਾਂ ਦਾ ਸ਼ੋਸ਼ਾ ਛੱਡਿਆ ਹੈ, ਅਜੋਕੀ ਬੋਲੀ ਵਿੱਚ ਇੱਕ ਨਵਾਂ ਜੁਮਲਾ ਪੇਸ਼ ਕੀਤਾ ਹੈ, ਉਸ ਨੇ ਇਸ ਉੱਤੇ ਕਾਇਮ ਰਹਿਣਾ ਹੈ ਜਾਂ ਇਸ ਬਹਿਸ ਦੌਰਾਨ ਕੋਈ ਨਵਾਂ ਜੁਮਲਾ ਲਿਆ ਪੇਸ਼ ਕਰਨਾ ਹੈ, ਇਹ ਵੀ ਦੇਸ਼ ਦੇ ਲੋਕ ਕਦੇ ਨਹੀਂ ਜਾਣ ਸਕਦੇ। ਹਰ ਗੱਲ ਅਣਕਿਆਸੇ ਢੰਗ ਨਾਲ ਕਹਿਣ ਅਤੇ ਕਰਨ ਦੇ ਆਦੀ ਇਸ ਪ੍ਰਧਾਨ ਮੰਤਰੀ ਦਾ ਅਸਲ ਇਰਾਦਾ ਦੋ ਵਿਅਕਤੀਆਂ ਵਿਚਾਲੇ ਸਿੱਧੀਆਂ ਵੋਟਾਂ ਦੇ ਮੁਕਾਬਲੇ ਵਿੱਚ ਉੱਭਰ ਕੇ ਉਹੋ ਜਿਹਾ ਰਾਸ਼ਟਰਪਤੀ ਬਣਨ ਦਾ ਹੈ, ਜਿਹੜਾ ਪਾਰਲੀਮੈਂਟ ਦੀਆਂ ਪਾਸ ਕੀਤੀਆਂ ਤਜਵੀਜ਼ਾਂ ਨੂੰ ਰੱਦ ਕਰਨ ਅਤੇ ਮਰਜ਼ੀ ਮੁਤਾਬਕ ਦੇਸ਼ ਚਲਾਉਣ ਦੀ ਤਾਕਤ ਰੱਖਦਾ ਹੋਵੇ। ਇਰਾਦਾ ਤਾਂ ਬਹੁਤ ਲੰਮੀ ਛਾਲ ਮਾਰਨ ਦਾ ਹੈ, ਪਰ ਕੀ ਭਾਰਤ ਦੇ ਲੋਕ ਇਸ ਲਈ ਰਾਜ਼ੀ ਹੋ ਸਕਣਗੇ, ਇਸ ਸਵਾਲ ਦਾ ਜਵਾਬ ਭਵਿੱਖ ਦੀ ਕੁੱਖ ਵਿੱਚ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## -ਹਲਕਾ ਫੁਲਕਾ-

ਮਨੋਹਰ, ''ਕੋਈ ਦੋ ਅਜਿਹੀਆਂ ਚੀਜ਼ਾਂ ਦੇ ਨਾਂਅ ਦੱਸ, ਜਿਨ੍ਹਾਂ ਨੂੰ ਅਸੀਂ ਨਾਸ਼ਤੇ ਵਿੱਚ ਨਹੀਂ ਖਾ ਸਕਦੇ।''

ਗਗਨ, ''ਵੈਰੀ ਸਿੰਪਲ ਯਾਰ। ਲੰਚ ਤੇ ਡਿਨਰ ਨੂੰ ਅਸੀਂ ਨਾਸ਼ਤੇ ਵਿੱਚ ਨਹੀਂ ਖਾ ਸਕਦੇ।''

*********

ਪਤਨੀ, ''ਰੈਗਿੰਗ ਕਿਸ ਨੂੰ ਕਹਿੰਦੇ ਹਨ?

ਪਤੀ, ''ਇਹ ਜੋ ਤੂੰ ਵਿਆਹ ਦੀ ਹਰ ਵਰ੍ਹੇਗੰਢ, ਕਰਵਾ ਚੌਥ ਅਤੇ ਜਨਮ ਦਿਨ 'ਤੇ ਜ਼ਬਰਦਸਤੀ ਗਿਫਟ ਮੰਗਦੀ ਏਂ ਨਾ, ਉਸੇ ਨੂੰ ਅੰਗਰੇਜ਼ੀ ਵਿੱਚ ਰੈਗਿੰਗ ਕਹਿੰਦੇ ਹਨ।''

*********

ਪੱਪੂ ਕਾਰ ਧੋ ਰਿਹਾ ਸੀ। ਅਚਾਨਕ ਕੋਲੋਂ ਇੱਕ ਆਂਟੀ ਲੰਘੀ ਅਤੇ ਪੁੱਛਣ ਲੱਗੀ, ''ਕਾਰ ਧੋ ਰਿਹਾ ਏਂ?''

ਪੱਪੂ (ਵਿਅੰਗ ਕਰਦਾ ਹੋਇਆ), ''ਨਹੀਂ, ਕਾਰ ਨੂੰ ਪਾਣੀ ਦੇ ਰਿਹਾ ਹਾਂ, ਸ਼ਾਇਦ ਵੱਡੀ ਹੋ ਕੇ ਬਸ ਬਣ ਜਾਵੇ।''

# ਸਭ ਤੋਂ ਵੱਡੇ ਸਮਝੌਤੇ ਨਾਲੋਂ ਭਾਰਤ ਕਿਉਂ ਵੱਖਰਾ ਹੋ ਗਿਆ

-ਵਿਜੇ ਵਿਦਰੋਹੀ-

ਆਰ ਸੀ ਈ ਪੀ ਭਾਵ ਕਿ ਰੀਜਨਲ ਕੰਪਨੀਹੈਂਸਿਵ ਇਕੋਨਾਮਿਕ ਪਾਰਟਨਰਸ਼ਿਪ, ਇਸ ਦਾ ਅੱਜਕੱਲ੍ਹ ਬਹੁਤ ਹੀ ਜ਼ਿਕਰ ਹੋ ਰਿਹਾ ਹੈ। ਹਿੰਦੀ 'ਚ ਅਨੁਵਾਦ ਕਰੀਏ ਤਾਂ ਖੇਤਰੀ ਵਪਾਰ ਆਰਥਿਕ ਸਾਂਝੇਦਾਰੀ। ਦਰਅਸਲ ਇਹ ਦੁਨੀਆ ਦੇ ਵਪਾਰ ਦੇ ਖੇਤਰ 'ਚ ਸਭ ਤੋਂ ਵੱਡਾ ਸਮਝੌਤਾ ਹੈ। ਚੀਨ ਸਮੇਤ 15 ਦੇਸ਼ਾਂ ਦੇ ਵਿਚਾਲੇ ਇਹ ਹੋਇਆ ਹੈ, ਜਿਨ੍ਹਾਂ ਦੀ ਕੁੱਲ ਆਬਾਦੀ 2 ਅਰਬ 20 ਕਰੋੜ ਤੋਂ ਵੱਧ ਹੈ। ਦੁਨੀਆ ਦੀ ਜੀ ਡੀ ਪੀ ਵਿੱਚ ਇਨ੍ਹਾਂ ਦਾ ਯੋਗਦਾਨ 30 ਫੀਸਦੀ ਹੈ। ਕੁੱਲ 25 ਟ੍ਰਿਲੀਅਨ ਡਾਲਰ ਦੀ ਅਰਥ ਵਿਵਸਥਾ, ਜੋ ਅਮਰੀਕਾ ਤੋਂ ਕੁਝ ਹੀ ਜ਼ਿਆਦਾ ਹੈ, ਪਰ ਇਸ ਵਿੱਚ ਭਾਰਤ ਸ਼ਾਮਲ ਨਹੀਂ ਹੈ। ਉਹ ਭਾਰਤ ਸ਼ਾਮਲ ਨਹੀਂ ਹੈ, ਜਿਸ ਦੀ ਪਹਿਲ 'ਤੇ 2013 ਵਿੱਚ ਇਸ 'ਤੇ ਗੱਲ ਸ਼ੁਰੂ ਹੋਈ ਸੀ।

ਪਿਛਲੇ ਸਾਲ ਨਵੰਬਰ ਵਿੱਚ ਭਾਰਤ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਇਸ ਤੋਂ ਵੱਖ ਰਹੇਗਾ। ਭਾਰਤ ਨੇ ਉਦੋਂ ਕੁਝ ਇਤਰਾਜ਼ ਰੱਖੇ ਸਨ ਜਿਨ੍ਹਾਂ 'ਤੇ ਕੋਈ ਵਿਚਲਾ ਰਸਤਾ ਨਹੀਂ ਨਿਕਲ ਸਕਿਆ। ਆਖਿਰ ਸਵਾਲ ਉਠਦਾ ਹੈ ਕਿ ਅੱਜ ਗਲੋਬਲਾਈਜ਼ੇਸ਼ਨ ਦੇ ਯੁਗ 'ਚ ਇੰਨੇ ਵੱਡੇ ਬਾਜ਼ਾਰ ਤੋਂ ਭਾਰਤ ਵਾਂਝਾ ਕਿਵੇਂ ਰਹਿ ਸਕਦਾ ਹੈ। ਭਾਰਤ ਨੂੰ ਆਰ ਈ ਸੀ ਪੀ ਤੋਂ ਬਾਹਰ ਰਹਿਣ 'ਚ ਕਿੰਨਾ ਘਾਟਾ ਹੋਵ-ਗਾ ਜਾਂ ਲਾਭ ਹੋਵੇਗਾ ਅਤੇ ਭਾਰਤ ਦੇ ਕੋਲ ਕੀ ਕੋਈ ਅੱਗੇ ਬਦਲ ਬਚੇ ਹਨ। ਇਸ 'ਤੇ ਗੱਲ ਕਰਨਗੇ। ਆਰ ਸੀ ਈ ਪੀ 'ਚ ਚੀਨ, ਆਸੀਆਨ ਦੇਸ਼ਾਂ ਦੇ ਬਲਾਕ ਦੇ 10 ਦੇਸ਼ਾਂ ਦੇ ਇਲਾਵਾ ਆਸਟਰੇਲੀਆ, ਵੀਅਤਨਾਮ, ਜਾਪਾਨ, ਨਿਊਜ਼ੀਲੈਂਡ ਤੇ ਦੱਖਣੀ ਕੋਰੀਆ ਸ਼ਾਮਲ ਹਨ। ਹੈਰਾਨੀ ਦੀ ਗੱਲ ਹੈ ਕਿ ਜੋ ਦੇਸ਼ ਕੋਰੋਨਾ ਦੇ ਮਾਮਲੇ 'ਚ ਚੀਨ ਨਾਲ ਨਾਰਾਜ਼ ਹਨ, ਜਿਨ੍ਹਾਂ ਦੇਸ਼ਾਂ ਦੇ ਨਾਲ ਚੀਨ ਦਾ ਸਰਹੱਦੀ ਝਗੜਾ ਚੱਲ ਰਿਹਾ ਹੈ, ਜਿਨ੍ਹਾਂ ਦੇਸ਼ਾਂ ਦੇ ਨਾਲ ਦੱਖਣੀ ਚੀਨ ਸਾਗਰ 'ਤੇ ਗਲਬੇ ਦੀ ਲੜਾਈ ਚੱਲ ਰਹੀ ਹੈ, ਉਹ ਸਾਰੇ ਦੇਸ਼ ਚੀਨ ਦੇ ਨਾਲ ਇਸ ਸਮਝੌਤੇ 'ਤੇ ਸ਼ਾਮਲ ਹਨ।

ਹੈਰਾਨੀ ਦੀ ਗੱਲ ਹੈ ਕਿ ਇਹ ਸਾਰੇ ਦੇਸ਼ ਚੀਨ ਨੂੰ ਵਿਸਥਾਰਵਾਦੀ ਦੇਸ਼ ਮੰਨਦੇ ਅਤੇ ਜਾਣਦੇ ਹਨ ਕਿ ਚੀਨ ਆਪਣੀ ਹਮਲਾਵਰ ਵਿਦੇਸ਼ ਨੀਤੀ ਅਤੇ ਆਰਥਿਕ ਨੀਤੀ ਦਾ ਵਿਸਥਾਰ ਆਰ ਸੀ ਈ ਪੀ ਦੇ ਰਾਹੀਂ ਬਿਨਾਂ ਚੁਆਨੀ ਖਰਚ ਕੀਤੇ ਕਰੇਗਾ, ਫਿਰ ਵੀ ਹਿੱਸੇਦਾਰੀ ਕਰ ਰਹੇ ਹਨ, ਪਰ ਭਾਰਤ ਵੱਖ ਹੈ। ਜਾਣਕਾਰਾਂ ਦੇ ਮੁਤਾਬਕ ਭਾਰਤ ਦੀ ਨਵੀਂ ਆਰਥਿਕ ਨੀਤੀ ਸਾਫ ਹੈ ਕਿ ਅਜਿਹਾ ਕੁਝ ਨਾ ਕਰੋ, ਜਿਸ ਨਾਲ ਚੀਨ ਨੂੰ ਆਪਣਾ ਸਾਮਾਨ ਭਾਰਤ ਵਿੱਚ ਵੇਚਣ ਦਾ ਮੌਕਾ ਮਿਲੇ। ਅਜਿਹੇ ਕਿਸੇ ਕਾਗਜ਼ 'ਤੇ ਦਸਖਤ ਨਾ ਕਰੋ ਜਿਸ ਨਾਲ ਬੇਸ਼ੱਕ ਸਾਡਾ ਭਲਾ ਹੋਵੇ ਪਰ ਚੀਨ ਦਾ ਸਾਡੇ ਤੋਂ ਵੱਧ ਭਲਾ ਹੋਵੇ। ਸਵਾਲ ਉਠਦਾ ਹੈ ਕਿ ਕੀ ਭਾਰਤ ਦੀ ਨਵੀਂ ਨੀਤੀ ਠੀਕ ਹੈ, ਕੀ ਅੱਜ ਦੇ ਗਲੋਬਲ ਦੁਨੀਆ ਦੇ ਦੌਰ 'ਚ ਆਪਣੇ ਦਰਵਾਜ਼ੇ ਬੰਦ ਕਰਕੇ ਬੈਠਿਆ ਜਾ ਸਕਦਾ ਹੈ> ਕੀ ਭਾਰਤੀ ਕਾਰਖਾਨਿਆਂ ਨੂੰ ਸਰਪ੍ਰਸਤੀ ਚਾਹੀਦੀ ਹੈ ਜਾਂ ਅੱਗੇ ਵਧਣ ਦੇ ਮੌਕੇ, ਦੁਨੀਆਂ ਦੇ ਦੂਜੇ ਦੇਸ਼ਾਂ ਨਾਲ ਮੁਕਾਬਲੇਬਾਜ਼ੀ ਕਰਨ ਦੀ ਚੁਣੌਤੀ, ਭਾਰਤ ਸਰਕਾਰ ਤੋਂ ਕੁਝ ਅਜਿਹੀਆਂ ਰਿਆਇਤਾਂ ਜਿਸ ਨਾਲ ਕਾਰਖਾਨੇ ਮਜ਼ਬੂਤ ਹੋ ਸਕਣ, ਦੁਨੀਆ ਦੇ ਦੂਜੇ ਦੇਸ਼ਾਂ ਦਾ ਮੁਕਾਬਲਾ ਕਰ ਸਕਣ।

ਜਾਣਕਾਰਾਂ ਦਾ ਕਹਿਣਾ ਹੈ ਕਿ ਵੋਕਲ ਫਾਰ ਲੋਕਲ ਜਾਂ ਆਤਮ ਨਿਰਭਰ ਭਾਰਤ ਨਾਲ ਕੰਮ ਨਹੀਂ ਚੱਲਣ ਵਾਲਾ। ਭਾਰਤ ਨੇ ਆਰ ਸੀ ਈ ਪੀ ਵਿੱਚ ਸ਼ਾਮਲ ਨਾ ਹੋ ਕੇ ਬਹੁਤ ਵੱਡਾ ਮੌਕਾ ਗਵਾ ਦਿੱਤਾ ਹੈ। ਕੀ ਸੱਚਮੁੱਚ ਏਦਾਂ ਹੈ ਜਾਂ ਭਾਰਤ ਨੇ ਰਾਸ਼ਟਰੀ ਹਿੱਤਾਂ ਨੂੰ ਅੱਗੇ ਰੱਖਿਆ ਹੈ। ਚੀਨ ਦੇ ਅੱਗੇ ਗੋਡੇ ਟੇਕਣ ਤੋਂ ਨਾਂਹ ਕੀਤੀ ਹੈ। ਚੀਨ ਨੂੰ ਠੇਂਗਾ ਦਿਖਾਉਣ ਦੀ ਹਿੰਮਤ ਕੀਤੀ ਹੈ। ਆਰ ਸੀ ਈ ਪੀ ਵਿੱਚ ਜੋ 15 ਦੇਸ਼ ਸ਼ਾਮਲ ਹਨ ਉਹ ਆਪਸ 'ਚ ਬਿਨਾਂ ਕਿਸੇ ਰੋਕ-ਟੋਕ ਦੇ ਵਪਾਰ ਕਰ ਸਕਣਗੇ। ਸੌਖੇ ਸ਼ਬਦਾਂ 'ਚ ਕਿਹਾ ਜਾਵੇ ਕਿ ਜਿਵੇਂ ਦਿੱਲੀ ਅਤੇ ਨੋਇਡਾ ਦੇ ਦਰਮਿਆਨ, ਜਿਵੇਂ ਦਿੱਲੀ ਅਤੇ ਗੁਰੂਗ੍ਰਾਮ ਦੇ ਵਿਚਾਲੇ ਤੁਸੀਂ ਆਪਣਾ ਸਾਮਾਨ ਲੈ ਕੇ ਜਾ ਸਕਦੇ ਹੋ। ਉਸ ਨੂੰ ਵੇਚ ਕੇ ਆ ਸਕਦੇ ਹੋ। ਉਥੋਂ ਸਾਮਾਨ ਲੈ ਕੇ ਦਿੱਲੀ 'ਚ ਵੇਚ ਸਕਦੇ ਹੋ। ਠੀਕ ਉਵੇਂ ਇਨ੍ਹਾਂ 15 ਦੇਸ਼ ਭਾਰਤ ਦੇ 15 ਸੂਬੇ ਹੋ ਗਏ ਹਨ ਜਿੱਥੇ ਆਪਸ 'ਚ ਵਪਾਰ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਇੰਪੋਰਟ ਜਾਂ ਐਕਸਪੋਰਟ ਉੱਤੇ ਟੈਕਸ 90 ਫੀਸਦੀ ਘੱਟ ਹੋ ਜਾਵੇਗਾ, ਭਾਵ ਮੋਟੇ ਤੌਰ 'ਤੇ 10 ਫੀਸਦੀ ਟੈਕਸ ਲੱਗੇਗਾ। ਸਵਾਲ ਉਠਦਾ ਹੈ ਕਿ ਇੰਨਾ ਚੰਗਾ ਮੌਕਾ ਭਾਰਤ ਕਿਉਂ ਗੁਆ ਬੈਠਾ। ਭਾਰਤ ਸ਼ਾਮਲ ਹੋ ਜਾਂਦਾ ਤਾਂ ਭਾਰਤ ਦੇ 138 ਕਰੋੜ ਲੋਕਾਂ ਨੂੰ ਨਿਊਜ਼ੀਲੈਂਡ ਤੋਂ ਸਸਤਾ ਦੁੱਧ, ਪਨੀਰ, ਆਂਡੇ ਮਿਲਦੇ, ਆਸਟਰੇਲੀਆ ਤੋਂ ਸਸਤੀ ਕਣਕ ਮਿਲਦੀ, ਵੀਅਤਨਾਮ ਤੋਂ ਸਸਤੇ ਚੌਲ ਮਿਲਦੇ, ਚੀਨ ਤੋਂ ਸਸਤਾ ਸਟੀਲ ਤੇ ਕਪਾਹ ਆਦਿ ਜਿਣਸਾਂ ਮਿਲਦੀਆਂ ਪਰ ਭਾਰਤ ਦਾ ਕਹਿਣਾ ਹੈ ਕਿ ਇਸ ਨਾਲ ਭਾਰਤ ਦੇ ਕਿਸਾਨ ਬਰਬਾਦ ਹੋ ਜਾਂਦੇ, ਡੇਅਰੀ ਉਦਯੋਗ 'ਚ ਕੰਮ ਕਰਨ ਵਾਲੇ ਸੜਕ 'ਤੇ ਆ ਜਾਂਦੇ। ਇਸੇ ਤਰ੍ਹਾਂ ਸਰਵਿਸ ਸੈਕਟਰ 'ਤੇ ਵੀ ਇਸ ਦਾ ਬੁਰਾ ਅਸਰ ਪੈਂਦਾ।

ਇਸ ਦੇ ਇਲਾਵਾ ਸਮਝੌਤੇ 'ਚ ਸ਼ਾਮਲ ਦੇਸ਼ ਕਿਸੇ ਨੂੰ ਮੋਸਟ ਫੇਵਰਡ ਨੇਸ਼ਨ ਦਾ ਦਰਜਾ ਨਹੀਂ ਦੇ ਸਕਦੇ। ਭਾਰਤ ਅਜਿਹਾ ਨਹੀਂ ਚਾਹੁੰਦਾ ਸੀ। ਪਾਕਿ-ਸਤਾਨ ਨਾਲ ਲੱਖ ਤਣਾਤਣੀ ਦੇ ਬਾਅਦ ਵੀ ਭਾਰਤ ਨੇ ਪਾਕਿਸਤਾਨ ਨੂੰ ਇਹ ਦਰਜਾ ਦਿੱਤਾ ਹੋਇਆ ਹੈ। ਕੁਝ ਹੋਰ ਗੁਆਂਢੀ ਦੇਸ਼ਾਂ ਨੂੰ ਵੀ ਜੰਗੀ ਰਣਨੀਤੀ ਹੇਠ ਦਰਜਾ ਦਿੱਤਾ ਹੋਇਆ ਹੈ। ਇਸ ਨਾਲ ਭਾਰਤ ਚੀਨ ਦੀ ਕਿਲੇਬੰਦੀ ਨੂੰ ਕੁਝ ਹੱਦ ਤੱਕ ਰੋਕਣ 'ਚ ਕਾਮਯਾਬ ਹੋਇਆ ਹੈ। ਜੇ ਭਾਰਤ ਸਮਝੌਤੇ 'ਤੇ ਸ਼ਾਮਲ ਹੋ ਜਾਂਦਾ, ਚੀਨ ਨੂੰ ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਖੁੱਲ੍ਹਾ ਖੇਡਣ ਦਾ ਮੌਕਾ ਮਿਲ ਜਾਂਦਾ। ਪੂਰੀ ਦੁਨੀਆ ਜਾਣਦੀ ਹੈ ਕਿ ਕਿਵੇਂ ਚੀਨ ਪਹਿਲਾਂ ਕਰਜ਼ਾ ਦਿੰਦਾ ਹੈ, ਫਿਰ ਜ਼ਮੀਨ ਹੜੱਪਦਾ ਹੈ, ਖਾਨਾਂ ਹੜੱਪਦਾ ਹੈ ਤੇ ਕਿਵੇਂ ਉਸ ਦੇਸ਼ ਨੂੰ ਆਪਣਾ ਆਰਥਿਕ ਗੁਲਾਮ ਬਣਾ ਲੈਂਦਾ ਹੈ। ਇਕ ਸਾਲ ਤੋਂ ਭਾਰਤ ਚੀਨ ਨਾਲ ਉਲਝਿਆ ਹੋਇਆ ਹੈ।

ਤਾਜ਼ਾ ਮਾਮਲਾ ਗਲਵਾਨ ਘਾਟੀ ਦਾ ਹੈ। ਅਰੁਣਾਚਲ ਪ੍ਰਦੇਸ਼ 'ਚ ਚੀਨ ਦਖਲ ਦਿੰਦਾ ਰਹਿੰਦਾ ਹੈ, ਭੂਟਾਨ 'ਤੇ ਦਬਾਅ ਪਾਉਂਦਾ ਰਹਿੰਦਾ ਹੈ, ਨੇਪਾਲ ਤੱਕ ਰੇਲਵੇ ਲਾਈਨ ਵਿਛਾਉਣ ਦੀ ਗੱਲ ਕਰ ਰਿਹਾ ਹੈ। ਅਜਿਹੇ 'ਚ ਭਾਰਤ ਚੀਨ ਨੂੰ ਮੌਕਾ ਕਿਵੇਂ ਦੇ ਸਕਦਾ ਸੀ। ਭਾਰਤ ਸਮਝੌਤੇ 'ਚ ਆਟੋ ਟ੍ਰਿਗਰ ਮੈਕੇਨਿਜ਼ਮ ਚਾਹੁੰਦਾ ਸੀ। ਸੌਖੇ ਸ਼ਬਦਾਂ 'ਚ ਕਿਹਾ ਜਾਵੇ ਤਾਂ ਭਾਰਤ ਚਾਹੁੰਦਾ ਸੀ ਕਿ ਚੀਨ ਵਰਗੇ ਕਿੰਨੀ ਵੀ ਮਾਤਰਾ 'ਚ ਆਪਣਾ ਸਾਮਾਨ ਡੰਪ ਨਾ ਕਰ ਸਕਣ। ਭਾਰਤ ਦਾ ਇਹ ਸੁਝਾਅ ਸੀ ਕਿ ਮੰਨ ਲਓ ਕਿ ਭਾਰਤ ਚੀਨ ਤੋਂ 1 ਲੱਖ ਮੋਬਾਈਲ ਇੰਪੋਰਟ ਕਰਦਾ ਹੈ ਤਾਂ ਉਸ 'ਚ 10 ਜਾਂ 20 ਜਾਂ 30 ਹਜ਼ਾਰ (ਇਹ ਸਿਰਫ ਇੱਕ ਉਦਾਹਰਣ ਹੈ) 10 ਫੀਸਦੀ ਟੈਕਸ ਦੇ ਨਾਲ ਆਉਣ ਪਰ ਬਾਕੀ ਬਚੇ ਮੋਬਾਈਲ 'ਤੇ ਟੈਕਸ ਦੀਆਂ ਦਰਾਂ ਭਾਰਤ ਤੈਅ ਕਰੇ ਪਰ ਚੀਨ ਇਸ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ।




KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.

House For Sale
$549,000




Oxford Rd 17- Fairway Rd

3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.

House For Sale
$689,000




Sandalwood Pkwy- Fernforest Dr

ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station

House For Sale
$835,000



Mississauga Rd - Wanless Dr



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com

# ਹੱਕ ਸੱਚ ਦਾ ਹੋਕਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ

-ਪ੍ਰੋ. ਬਸੰਤ ਸਿੰਘ ਬਰਾੜ

ਸਾਰੇ ਵਿਸ਼ਵ ਦੇ ਧਰਮਾਂ ਦੇ ਸੰਸਥਾਪਕਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਅਤੇ ਦੇਣ ਨਿਵੇਕਲੀ ਹੈ, ਲਾਸਾਨੀ ਹੈ। ਕਿਧਰੇ ਕੋਈ ਅਜਿਹੀ ਧਾਰਮਿਕ ਅਧਿਆਤਮਕ, ਸਮਾਜਕ, ਰਾਜਨੀਤਕ, ਮਾਨਵਵਾਦੀ ਅਤੇ ਪਰਵਾਰਕ ਖੇਤਰਾਂ ਵਿੱਚ ਨਾਲ ਨਾਲ ਵਿਚਰਨ ਵਾਲੀ ਹਸਤੀ ਨਹੀਂ ਮਿਲਦੀ ਜਿਸ ਨੇ ਆਪਣੇ ਬ੍ਰਹਮ ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਸੰਗੀਤਮਈ ਕਵਿਤਾ ਰਾਹੀਂ ਦੂਰ ਦੂਰ ਜਾ ਕੇ ਸਮਝਾਇਆ ਹੋਵੇ। ਅਫਸੋਸ ਇਹ ਹੈ ਕਿ ਉਨ੍ਹਾਂ ਨੂੰ ਸਿਰਫ ਸਿੱਖ ਧਰਮ ਤੱਕ ਸੀਮਿਤ ਕਰ ਕੇ ਬਾਕੀ ਵਿਸ਼ਵ ਉਨ੍ਹਾਂ ਦੀਆਂ ਲਾਸਾਨੀ ਰਚਨਾਵਾਂ ਤੋਂ ਲਗਭਗ ਅਗਿਆਨ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਕੁਝ ਰਬਿੰਦਰਨਾਥ ਟੈਗੋਰ ਅਤੇ ਅੱਲਾਮਾ ਇਕਬਾਲ ਵਰਗੇ ਮਹਾਨ ਗੈਰ ਸਿੱਖਾਂ ਨੇ ਵੀ ਪੂਰੀ ਤਰ੍ਹਾਂ ਸਮਝਿਆ ਹੈ ਅਤੇ ਪ੍ਰਸ਼ੰਸਾ ਕੀਤੀ ਹੈ। ਟੈਗੋਰ ਪਰਵਾਰ ਹਰ ਸਾਲ ਕੁਝ ਦਿਨਾਂ ਲਈ ਹਰਿਮੰਦਰ ਸਾਹਿਬ ਅੰਮ੍ਰਿਤਸਰ ਆਉਂਦਾ ਸੀ ਅਤੇ ਉਨ੍ਹਾਂ ਨੇ ਗੁਰਬਾਣੀ ਵਿੱਚੋਂ ਚਾਰ ਸ਼ਬਦਾਂ ਨੂੰ ਬ੍ਰਹਮੋ ਸਮਾਜ ਦੇ ਨਿਤਨੇਮ ਵਿੱਚ ਸ਼ਾਮਲ ਕੀਤਾ ਹੈ। ਗੁਰੂ ਨਾਨਕ ਦੇਵ ਜਦੀ ਦੀ ਰਚੀ ਹੋਈ ਨਿਵੇਕਲੀ ਆਰਤੀ 'ਗਗਨ ਮੈਂ ਥਾਲ' ਨੂੰ ਉਹ ਸੰਸਾਰ ਦੀਆਂ ਸਰਵਸ੍ਰੇਸ਼ਟ ਕਿਰਤਾਂ ਵਿੱਚੋਂ ਇੱਕ ਗਿਣਦੇ ਸਨ। ਇਸੇ ਤਰ੍ਹਾਂ ਸਰ ਮੁਹੰਮਦ ਇਕਬਾਲ ਨੇ ਲਿਖਿਆ ਹੈ, 'ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ/ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਖਵਾਬ ਸੇ।'

ਬਾਬਰਵਾਣੀ ਵਿੱਚ ਜ਼ੁਲਮ ਅਤੇ ਹਿੰਸਾ ਵਿਰੁੱਧ ਦਲੇਰੀ ਨਾਲ ਬੋਲਣ ਅਤੇ ਲੜਨ ਦੀ ਗੁਰੂ ਜੀ ਦੀ ਲਲਕਾਰ ਅਦੁੱਤੀ ਹੈ। ਇਸ ਵਿੱਚ ਤਿੰਨ ਸ਼ਬਦ ਰਾਗ ਆਸਾ ਦੀ ਵਾਰ ਵਿੱਚ ਹਨ, 'ਖੁਰਾਸਾਨ ਕਸਮਾਨਾ ਕੀਆ ਹਿੰਦੁਸਤਾਨ ਡਰਾਇਆ', 'ਜਿਨ ਸਿਰ ਸੋਹਨ ਪੱਟੀਆਂ ਮਾਂਗੀ ਪਏ ਸੰਧੂਰ', 'ਕਹਾਂ ਸੋ ਖੇਲ ਤਬੇਲਾ ਘੋੜੇ' ਅਤੇ 'ਜੈਸੀ ਮੈਂ ਆਵੈ ਖਸਮ ਕੀ ਬਾਣੀ' ਰਾਗ ਤਿਲੰਗ ਵਿੱਚ ਹਨ। ਗੁਰੂ ਜੀ ਨੇ ਬੇਖੌਫ ਹੋ ਕੇ ਬਾਬਰ ਦੀ ਫੌਜ ਨੂੰ 'ਪਾਪਾ ਕੀ ਜੰਞ' ਕਿਹਾ ਅਤੇ ਸਖਤ ਭਾਸ਼ਾ ਵਿੱਚ 'ਰਾਜੇ ਸ਼ੀਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ' ਕਹਿਣ ਤੋਂ ਗੁਰੇਜ਼ ਨਹੀਂ ਕੀਤਾ। ਉਹ ਰੱਬ ਨੂੰ ਵੀ ਉਲਾਮਾ ਦੇਣ ਤੋਂ ਨਹੀਂ ਝਿਜਕੇ, 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'। ਸੱਚ, ਇਨਸਾਫ ਅਤੇ ਮਨੁੱਖੀ ਸਮਾਨਤਾ ਲਈ ਲੜਨ ਅਤੇ ਬਲੀਦਾਨ ਦੇਣ ਲਈ ਉਨ੍ਹਾਂ ਨੇ ਸਭ ਨੂੰ ਚੁਣੌਤੀ ਦਿੱਤੀ, 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨਾ ਕੀਜੈ।'' ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਦਿਵਾਉਣ ਵਿੱਚ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਅਤੁੱਲ ਅਤੇ ਅਭੁੱਲ ਹੈ। ਜਿਸ ਵੇਲੇ ਭਾਰਤ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਉਨ੍ਹਾਂ ਨੇ ਗੱਜ ਕੇ ਕਿਹਾ, 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ।' 'ਰਾਜਾਨ' ਤੋਂ ਉਨ੍ਹਾਂ ਦਾ ਭਾਵ ਗੁਰੂ ਨਾਨਕ ਦੇਵ ਜੀ ਰਾਜੇ ਮਹਾਰਾਜੇ ਨਹੀਂ ਬਲਕਿ ਉਚ ਕੋਟੀ ਦੇ ਇਨਸਾਨ ਸਨ। ਭਾਰਤੀ ਸਮਾਜ ਵਿੱਚ ਖੁੱਲ੍ਹ ਕੇ ਜੀਣ ਅਤੇ ਵਿਕਾਸ ਕਰਨ ਦੇ ਜਿੰਨੇ ਮੌਕੇ ਗੁਰੂ ਸਾਹਿਬ ਦੀਆਂ ਸ਼ਿਸ਼ (ਸਿੱਖ) ਔਰਤਾਂ ਨੂੰ ਹਨ ਓਨੇ ਸ਼ਾਇਦ ਹੀ ਕਿਸੇ ਹੋਰ ਸਮਾਜ ਵਿੱਚ ਹੋਣ। ਇਹ ਸਭ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੀ ਲਹਿਰ ਸਦਕਾ ਹੀ ਹੈ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਬਾਰੇ ਕੁਝ ਗਲਤ ਧਾਰਨਾਵਾਂ ਫੈਲਾ ਛੱਡੀਆਂ ਹਨ। ਪਹਿਲੀ ਇਹ ਕਿ ਪੰਜਾਬੀ ਭਾਸ਼ਾ ਗੁਰੂ ਨਾਨਕ ਦੇਵ ਜੀ ਸਮੇਂ ਆਰੰਭ ਹੋਈ। ਇਹ ਧਾਰਨਾ ਠੀਕ ਨਹੀਂ ਹੈ ਕਿਉਂਕਿ ਬਾਬਾ ਫਰੀਦ ਦੀ ਬਾਣੀ ਠੇਠ ਪੰਜਾਬੀ ਵਿੱਚ ਹੈ ਅਤੇ ਉਹ ਗੁਰੂ ਸਾਹਿਬ ਤੋਂ ਪਹਿਲਾਂ ਹੋਏ ਹਨ। ਦੂਜੀ ਧਾਰਨਾ ਗੁਰਮੁਖੀ ਲਿਪੀ ਬਾਰੇ ਹੈ ਕਿ ਇਹ ਗੁਰੂ ਅੰਗਦ ਦੇਵ ਜੀ ਨੇ ਵਿਕਸਿਤ ਕੀਤੀ। ਦਰਅਸਲ ਇਹ ਲਿਪੀ ਗੁਰੂ ਨਾਨਕ ਦੇਵ ਜੀ ਤੋਂ ਵੀ ਪਹਿਲਾਂ ਦੀ ਹੈ।

ਗੁਰੂ ਜੀ ਨੇ 'ਪੱਟੀ ਲਿਪੀ' ਵਿੱਚ ਸਾਰੇ ਪੈਂਤੀ ਅੱਖਰਾਂ ਨਾਲ ਸ਼ਬਦ ਲਿਖੇ ਹਨ। ਸਿਰਫ ਤਰਤੀਬ ਥੋੜ੍ਹੀ ਵੱਖਰੀ ਹੈ। ਸ. ਏ, ਓ ਤੇ * ਆਰੰਭ ਵਿੱਚ ਹਨ। ਹ ਅਤੇ ਅ ਅੰਤ ਵਿੱਚ ਹਨ। ਦੋ ਅੱਖਰ ਜੋ ਮੇਰੇ ਕੋਲ ਨਹੀਂ ਹਨ ਅਤੇ ਅਲੋਪ ਹੋ ਚੱਲੇ ਹਨ ਵੀ ਵਿੱਚ ਸ਼ਾਮਲ ਹਨ। ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਪੈਂਤੀ ਅੱਖਰਾਂ ਨੂੰ ਨਵੀਂ ਤਰਤੀਬ ਦਿੱਤੀ ਸੀ। ਲਗਾਂ ਮਾਤਰਾ ਦਾ ਵਿਕਾਸ ਕੁਝ ਬਾਅਦ ਵਿੱਚ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਫਲਸਫੇ, ਪ੍ਰਮਾਤਮ ਦੀ ਕੁਦਰਤ ਵਿੱਚ ਹੋਂਦ, ਸੱਚਾ ਸੁੱਚਾ ਜੀਵਨ ਜੀਣ, ਵੰਡ ਕੇ ਛਕਣ, ਗਊ ਗਰੀਬ ਦੀ ਰੱਖਿਆ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਅਨੇਕ ਹੋਰ ਪਹਿਲੂਆਂ ਬਾਰੇ ਸਾਰੇ ਲੋਕ ਜਾਣਦੇ ਹਨ। ਬ੍ਰਹਮ ਗਿਆਨ ਦੀ ਸ਼ਕਤੀ ਨਾਲ ਗੁਰੂ ਜੀ ਨੂੰ ਸਾਰੀ ਸ੍ਰਿਸ਼ਟੀ ਬਾਰੇ ਹੈਰਾਨੀਜਨਕ ਪੱਧਰ ਦਾ ਗਿਆਨ ਆਉਣ ਤੋਂ ਪਹਿਲਾਂ 'ਅਰਬਦ ਨਰਬਦ ਧੁੰਧੂਕਾਰਾ' ਸੀ। ਫਿਰ 'ਸਾਚਤੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥ ਜਲ ਤੇ ਤ੍ਰਿਭਵਣ ਸਾਜਿਆ ਘਟੇ ਘਟ ਜੋਤ ਸਮੋਇ॥'

ਇਹ ਵਿਸ਼ਲੇਸ਼ਣ ਡਾਰਵਿਨ ਵੱਲੋਂ ਆਪਣੀ ਕਿਤਾਬ 'ਦਿ ਉਰਿਜਨ ਆਫ ਦ ਪਸੀਸ਼ੀਜ਼' ਵਿੱਚ ਦਿੱਤੇ ਫਲਸਫੇ ਨਾਲ ਮੇਲ ਖਾਂਦਾ ਹੈ। ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਇੱਕ ਬੈਲ ਨੇ ਚੁੱਕੀ ਹੋਈ ਹੈ ਤਾਂ ਗੁਰੂ ਸਾਹਿਬ ਨੇ ਕਿਹਾ, 'ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰ ਤਲੈ ਕਵਣੁ ਜੋਰੁ॥' ਕੁਝ ਅਖੌਤੀ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਸਕ੍ਰਿਤ, ਫ਼ਾਰਸੀ, ਅਰਬੀ ਵਗੈਰਾ ਦੇ ਗਿਆਨ ਬਾਰੇ ਸ਼ੰਕੇ ਉਤਪਨ ਕੀਤੇ ਹਨ। ਇਸ ਦਾ ਕਾਰਨ ਸਿਰਫ ਇਹ ਹੈ ਕਿ ਗੁਰੂ ਜੀ ਨੇ ਸਵਾਰਥੀ ਹਿੱਤਾਂ ਵਾਲੇ ਤੱਤਾਂ ਦੀ ਲੁੱਟ ਖਸੁੱਟ ਤੋਂ ਆਮ ਆਦਮੀ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਬਾਣੀ ਹਰ ਕਿਸੇ ਦੇ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਰਚੀ। ਉਨ੍ਹਾਂ ਨੇ ਸਾਧਾਰਨ ਜੀਵਨ ਦੀ ਬੋਲ-ਚਾਲ ਵਾਲੀ ਭਾਸ਼ਾ ਵਰਤ ਕੇ ਆਤਮਾ ਪ੍ਰਮਾਤਮਾ ਅਤੇ ਜੀਵਨ ਜਾਚ ਦੇ ਰਹੱਸ ਜਨ ਸਾਧਾਰਨ ਤੱਕ ਪਹੁੰਚਾਏ। ਇਸ ਆਮ ਭਾਸ਼ਾ ਅਤੇ ਨਿੱਤ ਪ੍ਰਤੀ ਦੇ ਜੀਵਨ ਵਿੱਚੋਂ ਉਨ੍ਹਾਂ ਨੇ ਅਜਿਹੇ ਬਿੰਬ ਪ੍ਰਯੋਗ ਕੀਤੇ ਕਿ ਪੰਜਾਬੀ ਕਵਿਤਾ ਵਿੱਚ ਗਜ਼ਬ ਦੀ ਸੰਖੇਪਤਾ, ਸਪੱਸ਼ਟਤਾ ਅਤੇ ਉਚਾਈਆਂ ਲਿਆਂਦੀ।

ਹਲ, ਸੁਹਾਗਾ, ਅਹਰਣਿ, ਖਲਾ ਆਦਿ ਉਨ੍ਹਾਂ ਨੇ ਉਚ ਕੋਟੀ ਦੇ ਬਿੰਬ ਬਣਾਏ। ਇੱਕ ਸ਼ਬਦ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਸਾਇਰ (ਸ਼ਾਇਰ) ਕਿਹਾ ਹੈ ਅਤੇ ਜੇ ਉਨ੍ਹਾਂ ਦਾ ਕੇਵਲ ਇੱਕ ਕਵੀ ਦੇ ਤੌਰ 'ਤੇ ਹੀ ਮੁੱਲਾਂਕਣ ਕੀਤਾ ਜਾਵੇ ਤਾਂ ਉਹ ਦੁਨੀਆ ਦੇ ਕਿਸੇ ਕਵੀ ਤੋਂ ਪਿੱਛੇ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਸ ਤੱਥ ਦੇ ਪ੍ਰਤੱਖ ਪ੍ਰਮਾਣ ਹਨ ਕਿ ਉਹ ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਵਿੱਚ ਨਿਪੁੰਨ ਸਨ। ਉਨ੍ਹਾਂ ਨੇ ਸ੍ਰਿਸ਼ਟੀ ਦੇ ਸਾਜਣ ਬਾਰੇ ਮਨੁੱਖੀ ਅਗਿਆਨਤਾ ਪ੍ਰਗਟ ਕਰਦੇ ਹੋਏ ਲਿਖਿਆ ਹੈ, 'ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖ ਕੁਰਾਣੁ॥ ਥਿਤਿ ਵਾਰ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੇ ਸੋਈ॥' ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਸਾਰੇ ਹਿੰਦੂ ਗ੍ਰੰਥ ਵੀ ਪੜ੍ਹੇ ਹੋਏ ਸਨ ਅਤੇ ਕੁਰਾਨ ਸ਼ਰੀਫ ਵੀ। ਉਸ ਵੇਲੇ ਹਿੰਦੂ ਗ੍ਰੰਥ ਕੇਵਲ ਸੰਸਕ੍ਰਿਤ ਵਿੱਚ ਸਨ ਅਤੇ ਕੁਰਾਨ ਸ਼ਰੀਫ ਅਰਬੀ ਭਾਸ਼ਾ ਵਿੱਚ ਹੈ। ਫ਼ਾਰਸੀ ਵਿੱਚ ਵੀ ਗੁਰੂ ਜੀ ਨੇ ਚਾਰ ਸ਼ਲੋਕ ਲਿਖੇ ਹਨ।

ਗੁਰੂ ਨਾਨਕ ਦੇਵ ਜੀ ਬਹੁਤ ਸੁਰੀਲੇ ਗਲ਼ੇ ਦੇ ਧਨੀ ਵੀ ਹੋਣਗੇ। ਉਨ੍ਹਾਂ ਦੀ ਸਾਰੀ ਬਾਣੀ ਵੱਖ ਵੱਖ ਰਾਗਾਂ ਵਿੱਚ ਹੈ। ਰਾਗਾਂ ਦੇ ਸੰਪੂਰਨ ਗਿਆਨ ਤੋਂ ਬਿਨਾਂ ਇਹ ਰਚੀ ਨਹੀਂ ਸੀ ਜਾ ਸਕਦੀ। ਉਦਾਸੀਆਂ ਸਮੇਂ ਗੁਰੂ ਜੀ ਨਾਲ ਬਾਲਾ ਅਤੇ ਮਰਦਾਨਾ ਹੁੰਦੇ ਸਨ। ਬਾਲਾ ਜੀ ਮੁੱਖ ਤੌਰ 'ਤੇ ਸ਼ਰਧਾਲੂ ਅਤੇ ਸੇਵਕ ਸਨ। ਮਰਦਾਨਾ ਜੀ ਰਬਾਬ ਵਜਾਉਂਦੇ ਸਨ ਜਿਸ ਦੀ ਸੰਗਤ ਵਿੱਚ ਰਾਗਾਂ ਵਿੱਚ ਗਾਉਣਾ ਸੰਭਵ ਹੈ। ਗੁਰੂ ਸਾਹਿਬ ਗਾ ਕੇ ਬਾਣੀ ਉਚਾਰਦੇ ਹੋਣਗੇ। ਜਨਮ ਸਾਖੀਆਂ ਵਿੱਚ ਵੀ ਆਉਂਦਾ ਹੈ ਕਿ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਕਹਿੰਦੇ ਹੁੰਦੇ ਸਨ, 'ਮਰਦਾਨਿਆ, ਰਬਾਬ ਉਠਾ। ਬਾਣੀ ਆਈ ਹੈ।' ਇੱਕ ਸ਼ਲੋਕ ਵਿੱਚ ਗੁਰੂ ਸਾਹਿਬ ਨੇ ਕਿਹਾ ਹੈ, 'ਨਾਨਕ ਨਾਮ ਪਦਾਰਥ ਦੀਜੈ ਹਿਰਦੈ ਕੰਠ ਬਣਾਈ॥ ਭਾਵ 'ਨਾਨਕ ਨੂੰ ਆਪਣੇ ਨਾਮ ਦੀ ਦੌਲਤ ਪ੍ਰਦਾਨ ਕਰ, ਹੇ ਸੁਆਮੀ। ਉਸ ਨਾਲ ਉਹ ਆਪਣੇ ਦਿਲ ਅਤੇ ਗਲ਼ੇ ਨੂੰ ਸ਼ਿੰਗਾਰ ਲਵੇਗਾ।' ਗੁਰੂ ਸਾਹਿਬ ਨੂੰ ਰਾਗਾਂ ਵਿੱਚ ਬਾਣੀ ਉਚਾਰਦੇ ਹੋਏ ਕਲਪਨਾ ਕਰ ਕੇ ਰੂਹ ਸਰਸ਼ਾਰ ਹੋ ਜਾਂਦੀ ਹੈ।

# ਅੱਜ ਲੋੜ ਹੈ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਉਣ ਦੀ



ਸੁਰਜੀਤ ਸਿੰਘ ਫਲੋਰਾ

ਜਦ ਅਸੀਂ ਸੰਸਾਰ ਭਰ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 551 ਵੇ ਗੁਰਪਰਬ ਦੀਆਂ ਤਿਆਰੀਆਂ ਬਹੁਤ ਉਤਸ਼ਾਹਾ ਨਾਲ ਕਰ ਰਹੇ ਹਾਂ।

ਠੀਕ ਹੈ ਸਾਨੂੰ ਉਸ ਦੁਨੀਆਂ ਦੇ ਮਾਲਿਕ ਲਈ ਉਸ ਦੇ ਮਾਣ ਸਤਿਕਾਰ ਲਈ ਸਭ ਕੁਝ ਕਰਨਾ ਬਣਦਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਅਸੀਂ 550 ਸਾਲਾਂ ਦੇ ਲੰਮੇ ਪੈਂਡੇ ਨੂੰ ਤਹਿ ਕਰਦੇ ਹੋਏ ਗੁਰੂ ਸਾਹਿਬ ਦੇ ਉਪਦੇਸ਼ ਚੋਹ ਵਰਨਾਂ ਕੋ ਸਾਂਝਾ , ਪਿਆਰ ਮੁਹੱਬਤ, ਏਕੇ ਵਾਲਾਂ ਦਿਲ ਦੀਆਂ ਦਵੇਸ਼ਾ ਨੂੰ ਮਿਟਾ ਕੇ ਆਪਣੇ ਮਨਾ ਦੀ ਵੈਰ ਵਿਰੋਧ ਦੀ ਚੌਧਰ ਦੀ, ਧੁੰਧੁ ਜਿਸ ਨੂੰ ਬਾਣੀ ਪੜ੍ਹ ਪੜ੍ਹ ਕੇ ਉਸ ਤੇ ਅਮਲ ਕਰਕੇ ਆਪਣੇ ਮਨ੍ਹਾ ਵਿਚ ਚਾਨਣ ਕਰਨਾ ਸੀ ਉਹ ਤਾਂ ਅੱਜ ਤੱਕ ਵੀ ਨਹੀਂ ਕਰ ਪਾਏ।

ਇਹ ਲੋਕ ਦਿਖਾਵੇ, ਚੌਧਰ, ਲੀਡਰਸ਼ਿਪ, ਮੈਂ -ਮੇਰੀ ਨੂੰ ਪਹਿਲਾਂ ਖ਼ਤਮ ਕਰਨਾ ਹੋਵੇਗਾ, ਅਸੀਂ ਤਾਂ ਹੀ ਉਸ ਦੇ ਸੱਚੇ ਸੁੱਚੇ ਸਿੱਖ ਬਣ ਸਕਦੇ ਹਾਂ । ਗੁਰੂ ਨਾਨਕ ਜੀ ਦੇ ਉਪਦੇਸ਼ ਵਾਰੇ ਗੱਲ ਕਰਦੇ ਹਾਂ ਤੇ ਬਹੁਤ ਸਾਰਾ ਇਤਿਹਾਸ ਅੱਗੇ ਪਿਛੇ ਹੋਇਆਂ ਪਿਆ ਹੈ। ਪਰ ਅਸੀਂ ਜੋ ਸਹੀ ਸਮਝਦੇ ਹਾਂ ਉਸ ਹਿਸਾਬ ਨਾਲ ਅੱਗੇ ਵਧ ਰਹੇ ਹਾਂ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾ ਦੇ ਮੋਢੀ ਗੁਰੂ ਸਨ। ਇਨ੍ਹਾਂ ਦਾ ਜਨਮ ੧੫ ਅਪ੍ਰੈਲ ੧੪੬੯ ਨੂੰ ਪਾਕਿਸਤਾਨ ਵਿਖੇ ਰਾਇ-ਭੋਇ ਦੀ ਤਲਵੰਡੀ ਵਿੱਚ ਹੋਇਆ।

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਨਾਲ ਦੁਨੀਆਂ ਦੇ ਅੰਧਕਾਰ ਵਿਚ ਪ੍ਰਕਾਸ਼ ਹੋਇਆ। ਕਲਯੁੱਗ ਵਿਚ ਨਾਮ ਧਰਮ ਦੀ ਚਰਚਾ ਚੱਲੀ। ਸਾਰੇ ਭਵਨਾਂ ਵਿਚ ਪਾਰਬ੍ਰਹਮ ਦਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੁਸ਼ਨਾਈ ਫੈਲ ਗਈ:

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥

ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ (ਪੰਨਾ 1387)

ਜਿਸ ਨੂੰ ਭਾਈ ਗੁਰਦਾਸ ਜੀ ਆਪਣਿਆਂ ਵਾਰਾਂ ਵਿਚ ਇਸ ਤਰ੍ਹਾਂ ਲਿਖਦੇ ਹਨ

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। (ਵਾਰ 1;27)

ਭਾਈ ਗੁਰਦਾਸ ਜੀ ਨੇ ਇਸ ਪ੍ਰਕਾਸ਼ ਦੀ ਸੂਰਜ ਨਾਲ ਤੁਲਨਾ ਕੀਤੀ ਹੈ ਕਿਉਂਕਿ ਸੂਰਜ ਦਾ ਪ੍ਰਕਾਸ਼ ਇੰਨਾ ਤੇਜ਼ ਹੁੰਦਾ ਹੈ ਜਿਸ ਨਾਲ ਹਰ ਇਕ ਕੋਨੇ ਵਿਚ ਪਸਰਿਆ ਹੋਇਆ ਹਨੇਰਾ ਖੰਭ ਲਗਾ ਕੇ ਉਡ ਜਾਂਦਾ ਹੈ। ਸੂਰਜ ਦੇ ਤੇਜ਼ ਪ੍ਰਕਾਸ਼ ਨਾਲ ਹਰ ਤਰਫ਼ ਫੈਲੀ ਹੋਈ ਧੁੰਧ, ਹਨੇਰਾ ਮਿਟ ਜਾਂਦਾ ਹੈ।

ਕਹਿੰਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਸੰਸਾਰ ਅੰਦਰ ਵਿਸ਼ੇਸ ਕਰਕੇ ਭਾਰਤ ਵਰਸ਼ ਦੀ ਅੰਦਰੂਨੀ ਹਾਲਤ ਮੰਦਭਾਗੀ ਸੀ। ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਦਾ ਅੰਦਾਜ਼ਾ ਉਥੋਂ ਦੀ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਹਾਲਤ ਤੋਂ ਲਾਇਆ ਜਾਂਦਾ ਹੈ। ਭਾਰਤ ਇਨ੍ਹਾਂ ਚਾਰੇ ਪ੍ਰਸਥਿਤੀਆਂ ਵਿਚ ਆਪਣੇ ਅਸਲੀ ਵਜੂਦ ਨੂੰ ਖੋਹ ਚੁੱਕਾ ਸੀ। ਧਰਮ ਦੇ ਆਗੂ ਆਪਣਾ ਧੀਰਜ ਖੋਹ ਚੁੱਕੇ ਸਨ। ਕਾਜ਼ੀ, ਬ੍ਰਾਹਮਣ ਅਤੇ ਜੋਗੀ ਤਿੰਨੇ ਹੀ ਲੋਕਾਈ ਨੂੰ ਕੁਰਾਹੇ ਪਾ ਰਹੇ ਸਨ। ਇਸ ਲਈ ਇਨ੍ਹਾਂ ਤਿੰਨਾਂ ਨੂੰ ਗੁਰੂ ਜੀ ਨੇ ਕਰੜੇ ਸ਼ਬਦਾਂ ਰਾਹੀਂ ਨਿੰਦਿਆ ਕਰਕੇ ਹੋਏ ਲਿਖਿਆਂ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (ਪੰਨਾ 662)

ਧਰਮ ਦਾ ਵਿਵਹਾਰ ਵਰਣ-ਵਿਵਸਥਾ ਵਿਚ ਵੰਡਿਆ ਗਿਆ। ਵਰਣ-ਆਸ਼ਰਮ ਵਿਵਸਥਾ ਜਿਸ ਮਨੋਰਥ ਜਾਂ ਆਦਰਸ਼ ਲਈ ਆਰੰਭ ਕੀਤਾ ਗਿਆ ਸੀ ਉਹ ਵਿਲੀਨ ਹੋ ਗਈ ਸੀ। ਸਮਾਜ ਵਿਚ ਬ੍ਰਾਹਮਣਾਂ ਦਾ ਰੁਤਬਾ ਵਧਦਾ ਗਿਆ ਜਿਸ ਨਾਲ ਨੀਵੀਆਂ ਜਾਤਾਂ ਦਾ ਜੀਵਨ ਨਰਕ ਬਣ ਗਿਆ। ਉਨ੍ਹਾਂ ਦੀ ਹਾਲਤ ਦਿਨ-ਪ੍ਰਤੀਦਿਨ ਨਿਘਰਦੀ ਗਈ। ਉਨ੍ਹਾਂ ਦੇ ਵਿਕਾਸ ਦੇ ਦਰਵਾਜ਼ੇ ਬੰਦ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਜ਼ੋਰਦਾਰ ਸ਼ਬਦਾਂ ਵਿਚ ਬ੍ਰਾਹਮਣਵਾਦ ਨੂੰ ਨਕਾਰ ਕੇ ਨੀਚ ਕਹੇ ਜਾਂਦੇ ਲੋਕਾਂ ਦੀ ਬਾਂਹ ਫੜਦੇ ਹੋਏ ਲਿਖਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਅੰਗ 15)

ਗੁਰੂ ਜੀ ਨੇ ਊਚ-ਨੀਚ ਦਾ ਭੇਦ ਮਿਟਾ ਕੇ ਸਮਾਨਤਾ ਤੇ ਇਕ ਹੋਣ ਦਾ ਪ੍ਰਚਾਰ ਕੀਤਾ। ਇਸ ਤਰ੍ਹਾਂ ਰਸਮਾਂ-ਰਿਵਾਜਾਂ, ਮੂਰਤੀ-ਪੂਜਾ, ਯੱਗਾਂ, ਊਚ-ਨੀਚ ਅਤੇ ਜਾਤ-ਪਾਤ ਦੇ ਵਿਤਕਰੇ, ਕਰਮਕਾਂਡ, ਪੂਜਾ, ਅਨੇਕਾਂ ਵਹਿਮਾਂ-ਭਰਮਾਂ, ਸ਼ੰਕਿਆਂ, ਅੰਧ-ਵਿਸ਼ਵਾਸਾਂ ਅਤੇ ਬਾਹਰੀ ਆਚਾਰਾਂ-ਵਿਹਾਰਾਂ ਨੇ ਇਥੋਂ ਦੇ ਪ੍ਰਚੱਲਤ ਧਰਮ ਨੂੰ ਵਿਕਰਤ ਕਰ ਦਿੱਤਾ ਸੀ।

ਉਸ ਸਮੇਂ ਦੀ ਰਾਜਨੀਤੀ ਧਾਰਮਿਕ ਅੰਨ੍ਹੇਪਣ ਦੀ ਦਾਸੀ ਬਣੀ ਹੋਈ ਸੀ। ਮੁਸਲਮਾਨਾਂ ਦਾ ਅਸਲ ਮਨੋਰਥ ਹਿੰਦੁਸਤਾਨ ਵਿਚ ਮੁਸਲਮਾਨੀ ਰਾਜ ਸਥਾਪਿਤ ਕਰਨ ਦੇ ਨਾਲ-ਨਾਲ ਆਪਣੇ ਧਰਮ ਨੂੰ ਵੀ ਸਥਾਪਿਤ ਕਰਨਾ ਸੀ। ਉਹ 'ਅੱਲ੍ਹਾ ਹੂ' ਦੀ ਗੂੰਜ ਧਾਰਮਿਕ ਸਥਾਨਾਂ ਵਿਚ ਸੁਣਨਾ ਚਾਹੁੰਦੇ ਸਨ। ਭਾਰਤੀ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ ਸੀ। ਇਕ ਦਿਨ ਵਿਚ ਹੀ ਲੱਖਾਂ ਬੰਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਲੋਕਾਂ ਦੀ ਨਾ ਤਾਂ ਜਾਨ ਸੁਰੱਖਿਅਤ ਸੀ ਅਤੇ ਨਾ ਹੀ ਸੰਪਤੀ। ਭਾਰਤੀਆਂ ਨੂੰ ਉੱਚ ਅਹੁਦਿਆਂ ਤੋਂ ਵਾਂਝੇ ਰੱਖਿਆ ਜਾਂਦਾ ਸੀ। ਬਹੁਤ ਭੇਦ-ਭਾਵ ਕੀਤਾ ਜਾਂਦਾ ਸੀ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ। ਜਨਤਾ ਬੇਚੈਨ ਹਿਰਦੇ ਨਾਲ ਅਸਲੀ ਸ਼ਾਂਤੀ ਨੂੰ ਲੱਭਣ ਦੀ ਤਲਾਸ਼ ਵਿਚ ਸੀ।

ਗਰੀਬਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੋਵਾਂ ਦੇ ਅਤਿਆਚਾਰਾਂ ਦੀ ਚੋਟ ਸਹਿਣੀ ਪੈ ਰਹੀ ਸੀ। ਮੁਸਲਮਾਨ ਹਾਕਮ ਗੈਰ-ਮੁਸਲਿਮਾਂ ਉੱਪਰ ਜ਼ੁਲਮ ਕਰਨਾ ਇਕ ਸਵਾਬ ਸਮਝਦੇ ਸਨ। ਉਸ ਵਕਤ ਭਾਰਤ ਵਿਚ ਸਾਰੇ ਪਾਸੇ ਪਸਰੀ ਧਾਰਮਿਕ ਖਿਚੋਤਾਣ ਦਾ ਵਰਣਨ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਕੀਤਾ ਹੈ:

ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ॥

ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ॥

ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ॥

ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥

ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ॥

ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ॥

ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ॥

ਸਿਰੋ ਨ ਮਿਟੇ ਆਵਣ ਜਾਣੇ॥

(ਵਾਰ ੧, ਪਉੜੀ ੨੧)

ਉਸ ਸਮੇਂ ਦੇ ਸ਼ਾਸਕਾਂ ਨਾਲ ਗੁਰੂ ਜੀ ਦਾ ਮਿਲਾਪ ਹੋਇਆ, ਉਨ੍ਹਾਂ ਨੇ ਗੁਰੂ ਜੀ ਦੇ ਸੁਤੰਤਰ ਵਿਚਾਰਾਂ ਕਾਰਨ ਕੈਦ ਕਰ ਲਿਆ ਸੀ। ਉਸ ਸਮੇਂ ਸਜਾ ਦੇ ਨਿਯਮ ਬਹੁਤ ਸਖ਼ਤ ਸਨ। ਦੋਸ਼ੀਆਂ ਨੂੰ ਆਮ ਤੌਰ ਤੇ ਅੰਗ ਭੰਗ ਕਰਨ ਅਤੇ ਮੌਤ ਦੀ ਸਜਾ ਦਿੱਤੀ ਜਾਂਦੀ ਸੀ। ਦੋਸ਼ੀਆਂ ਕੋਲੋਂ ਦੋਸ਼ ਦਾ ਇਕਬਾਲ ਕਰਵਾਉਣ ਲਈ ਸਖ਼ਤੀ ਤੇ ਜ਼ੁਲਮ ਦਾ ਪ੍ਰਯੋਗ ਕੀਤਾ ਜਾਂਦਾ ਸੀ। ਸਮੇਂ ਦੇ ਅਫਸਰਾਂ ਵਿਚ ਰਿਸ਼ਵਤ ਦਾ ਬੋਲਬਾਲਾ ਸੀ। ਇਤਿਹਾਸ ਦੇ ਅਨੁਸਾਰ ਇਹ ਸਮਾਂ ਰਾਜਨੀਤਿਕ ਹਲਚਲ ਤੇ ਅਰਾਜਕਤਾ ਦਾ ਜ਼ਮਾਨਾ ਸੀ। ਆਪਣੇ ਸਮੇਂ ਦਾ ਹਾਲ ਗੁਰੂ ਜੀ ਨੇ ਬਾਣੀ ਵਿਚ ਬਿਆਨ ਕੀਤਾ ਹੈ:-

-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

(ਅੰਗ ੧੪੫)

ਗਰੀਬਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੋਵਾਂ ਦੇ ਅਤਿਆਚਾਰਾਂ ਦੀ ਚੋਟ ਸਹਿਣੀ ਪੈ ਰਹੀ ਸੀ। ਮੁਸਲਮਾਨ ਹਾਕਮ ਗੁਰੂ ਸਾਹਿਬ ਜੀ ਨੇ ਚੰਗੇ ਸਮਾਜ ਦੇ ਨਿਰਮਾਣ ਲਈ ਦੁਨੀਆਂ ਸਾਹਮਣੇ ਤਿੰਨ ਸਿਧਾਂਤ ਰੱਖੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਂਝੀਵਾਲਤਾ, ਭਾਈਚਾਰੇ, ਅਤੇ ਰਾਸ਼ਟਰੀ ਏਕਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦਾ ਮਾਰਗ ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ ਲਈ ਹੈ ਜੋ ਸਚ ਦਾ ਪਾਂਧੀ ਹੋਵੇ, ਸ਼ਾਂਤੀ ਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ। ਗੁਰੂ ਸਾਹਿਬ ਜੀ ਦੇ ਮਨ ਵਿਚ ਕੇਵਲ ਆਪਣੇ ਦੇਸ਼ ਲਈ ਹੀ ਪਿਆਰ ਨਹੀਂ ਸੀ ਉਹ ਤਾਂ ਸਾਰੀ ਸ੍ਰਿਸ਼ਟੀ ਦੇ ਕਲਿਆਣ ਲਈ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ:


ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਅੰਗ ੮੫੩)

ਸਮੂਹ ਸੰਸਾਰ 'ਚ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਹੋਵੇਗਾ ਕਿ ਕੀ ਅਸੀਂ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰ ਰਹੇ ਹਾਂ। ਤੇ ਸਾਡਾ ਫਰਜ਼ ਬਣਦਾ ਹੈ ਕਿ ਗੁਰੂ ਡੰਮ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਦੂਰ ਹੁੰਦੇ ਹੋਏ ਕੁਦਰਤੀ ਖਜ਼ਾਨਿਆਂ ਨੂੰ ਸਾਂਭਣ ਲਈ ਕਾਰਜਸ਼ੀਲ ਹੋਈਏ, ਗੁਰੂ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਈਏ ਅਤੇ ਨਵੀਂ ਪੀੜ੍ਹੀ ਨੂੰ ਗੁਰਮਤਿ ਮਾਰਗ 'ਤੇ ਪ੍ਰਪੱਕ ਰੂਪ ਵਿਚ ਤੋਰਨ ਲਈ ਹੰਭਲਾ ਮਾਰੀਏ। ਸੋ, ਅੱਜ ਗੁਰੂ ਜੀ ਦੀ ਸੰਦੇਸ਼ ਅਤੇ ਵਿਚਾਰਧਾਰਾ ਨੂੰ ਸੰਸਾਰ ਵਿਚ ਅਪਣਾਉਣ ਦੀ ਸਖ਼ਤ ਜ਼ਰੂਰਤ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਬੜੇ ਬੇਆਬਰੂ ਹੋ ਕੇ ਹਾਊਸ ਆਫ ਲਾਰਡਸ 'ਚੋਂ ਵੋ ਨਿਕਲੇ

-ਕ੍ਰਿਸ਼ਨ ਭਾਟੀਆ -

ਹਾਊਸ ਆਫ ਲਾਰਡਸ ਦੇ ਪਾਕਿਸਤਾਨੀ ਮੈਂਬਰ ਲਾਰਡ ਨਜ਼ੀਰ ਅਹਿਮਦ ਨੂੰ ਇੱਕ ਔਰਤ ਨਾਲ ਸੈਕਸ ਸ਼ੋਸ਼ਣ ਦੇ ਮਾਮਲੇ 'ਚ ਪਾਰਲੀਮੈਂਟ ਮੈਂਬਰੀ ਤੋਂ ਕੱਢ ਦਿੱਤਾ ਗਿਆ। ਜਿਹੜੀਆਂ ਹਾਲਤਾਂ ਅਤੇ ਜਿਸ ਪਿਛੋਕੜ 'ਚ ਉਨ੍ਹਾਂ ਨੂੰ ਕੱਢਿਆ ਗਿਆ ਹੈ, ਉਹ ਇਸ ਮਹਾਨ ਸਦਨ ਦੇ ਲੰਮੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ। ਅੱਗੋਂ ਉਨ੍ਹਾਂ ਨੂੰ 'ਲਾਰਡ' ਕਹਿ ਕੇ ਨਹੀਂ, ਸਿਰਫ 'ਨਜ਼ੀਰ ਅਹਿਮਦ' ਦੇ ਨਾਂ ਨਾਲ ਸੰਬੋਧਿਤ ਕੀਤਾ ਜਾਵੇਗਾ। ਇਸ ਦੇ ਉਨ੍ਹਾਂ ਨੂੰ ਉਨ੍ਹਾਂ ਸਾਰੀਆਂ ਸਹੂਲਤਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ, ਜੋ ਇੱਕ ਸਾਬਕਾ 'ਲਾਰਡ' ਦੇ ਤੌਰ 'ਤੇ ਉਨ੍ਹਾਂ ਨੂੰ ਮਿਲ ਸਕਦੀਆਂ ਸਨ। ਸਿਰਫ ਇੰਨਾ ਹੀ ਨਹੀਂ, ਉਹ ਬ੍ਰਿਟਿਸ਼ ਪਾਰਲੀਮੈਂਟ ਦੇ ਉਸ ਭਵਨ 'ਚ ਵੀ ਦਾਖਲ ਨਹੀਂ ਹੋ ਸਕਣਗੇ, ਜਿਸ ਦੇ ਵੱਕਾਰੀ ਉਚ ਸਦਨ ਦੇ ਉਹ 23 ਸਾਲ ਤੱਕ ਇੱਕ 'ਮਾਣਯੋਗ ਮੈਂਬਰਾਂ' ਰਹੇ ਹਨ।

ਉਨ੍ਹਾਂ ਦਾ ਇਹ ਹਸ਼ਰ ਕਿਉਂ ਹੋਇਆ, ਕਿਵੇਂ ਹੋਇਆ, ਇਹ ਦਿਲਚਸਪ ਕਹਾਣੀ ਹੈ ਤੇ ਯਾਦ ਕਰਵਾਉਂਦੀ ਹੈ ਉਸ ਚਿਤਾਵਨੀ ਨੂੰ ਕਿ ਜਨਤਕ ਜ਼ਿੰਦਗੀ 'ਚ ਕੁਝ ਆਦਰਸ਼ਾਂ ਅਤੇ ਮਰਿਆਦਾਵਾਂ ਦੀ ਬੜੀ ਚੌਕਸੀ ਨਾਲ ਪਾਲਣਾ ਕਰਨੀ ਹੁੰਦੀ ਹੈ, ਨਹੀਂ ਤਾਂ ਜ਼ਰਾਂ ਜਿੰਨੀ ਵੀ ਕੋਤਾਹੀ ਹੋਈ ਨਹੀਂ ਕਿ ਤਿਲਕ ਕੇ ਧੜੱਮ ਹੇਠਾਂ ਡਿੱਗਣ ਤੋਂ ਸੰਭਲਣਾ ਸੰਭਵ ਨਹੀਂ। ਜਿਸ ਪਿਛੋਕੜ ਤੇ ਜਿਸ ਤਰ੍ਹਾਂ ਬ੍ਰਿਟੇਨ 'ਚ ਪਾਕਿਸਤਾਨੀ ਭਾਈਚਾਰੇ ਦੇ ਇਸ ਵੱਡੇ ਨੇਤਾ ਨੂੰ ਹਾਊਸ ਆਫ ਲਾਰਡਸ ਤੋਂ 'ਕਿੱਕ-ਆਊਟ' ਹੋਣਾ ਪਿਆ। ਉਹ ਉਨ੍ਹਾਂ ਦੇ ਆਪਣੇ ਲਈ ਬੜਾ ਨਿਰਾਦਰਯੋਗ ਤਾਂ ਹੈ, ਵਿਸ਼ਾਲ ਪਾਕਿਸਤਾਨੀ ਭਾਈਚਾਰੇ ਲਈ ਵੀ ਭਾਰੀ ਸ਼ਰਮ ਦਾ ਕਾਰਨ ਬਣ ਗਿਆ ਹੈ। ਹੁਣ ਤਾਂ ਬਾਕੀ ਜ਼ਿੰਦਗੀ ਉਹ ਇਹ ਸ਼ੇਅਰ ਦੁਹਰਾਉਂਦੇ ਰਹਿ ਜਾਣਗੇ।

ਕਿੱਸਾ ਹੈ ਦੋ ਬੱਚਿਆਂ ਦੀ ਮਾਂ ਇੱਕ 43 ਸਾਲਾ ਔਰਤ ਰਿਹਾਨਾ ਜ਼ਮਾਨ ਦਾ, ਜਿਸ ਨੇ ਸਾਲ 2017 ਵਿੱਚ ਬ੍ਰਿਟਿਸ਼ ਪਾਰਲੀਮੈਂਟ ਦੀ ਮਰਿਆਦਾ ਕਮੇਟੀ ਨੂੰ ਸ਼ਿਕਾਇਤ ਕੀਤੀ ਕਿ ਉਹ ਕਿਸੇ ਸਮੱਸਿਆ ਦੇ ਬਾਰੇ ਲਾਰਡ ਨਜ਼ੀਰ ਅਹਿਮਦ ਦੇ ਕੋਲ ਗਈ ਸੀ, ਮਦਦ ਲਈ ਪਰ ਹੋ ਗਿਆ 'ਸੈਕਸ ਸ਼ੋਸ਼ਣ'।

ਲਾਰਡ ਨਜ਼ੀਦ ਅਹਿਮਦ ਤੋਂ ਇਸ ਬਾਰੇ ਜਦੋਂ ਪੁੱਛ-ਗਿੱਛ ਕੀਤੀ ਤਾਂ ਉਨ੍ਹਾਂ ਨੇ ਸਾਫ ਨਾਂਹ ਕਰ ਦਿੱਤੀ। ਮਰਿਆਦਾ ਕਮੇਟੀ ਨੇ ਮਾਮਲੇ ਨੂੰ ਠੱਪ ਕਰ ਦਿੱਤਾ, ਪਰ ਇੱਕ ਭਾਰਤੀ ਪੱਤਰਕਾਰ ਨੇ ਖੋਜਬੀਨ ਜਾਰੀ ਰੱਖੀ ਅਤੇ ਲਗਾਤਾਰ ਯਤਨਾਂ ਉਪਰੰਤ ਬੀ ਬੀ ਸੀ ਨੂੰ ਰਿਹਾਨਾ ਦੀ ਇੰਟਰਵਿਊ ਕਰਨ ਲਈ ਰਜ਼ਾਮੰਦ ਕੀਤਾ। ਬੀ ਬੀ ਸੀ ਨਿਊਜ਼ ਨਾਈਟ ਪ੍ਰੋਗਰਾਮ 'ਚ ਆਪਣੀ ਕਹਾਣੀ ਦੇ ਵਰਣਨ ਦੇ ਬਾਅਦ ਰਿਹਾਨਾ ਨੇ ਮਾਮਲਾ ਫਿਰ ਪਾਰਲੀਮੈਂਟ ਦੀ ਮਰਿਆਦਾ ਕਮੇਟੀ ਕੋਲ ਉਠਾਇਆ। ਪਾਰਲੀਮੈਂਟ ਦੀ 9 ਮੈਂਬਰੀ ਮਰਿਆਦਾ ਕਮੇਟੀ ਜਾਂਚ ਦੇ ਬਾਅਦ ਸਰਬ ਸੰਮਤੀ ਨਾਲ ਇਸ ਸਿੱਟੇ 'ਤੇ ਪੁੱਜੀ ਕਿ ਤਰਸਯੋਗ ਨਾਰੀ ਦਾ ਮਾਨਸਿਕ ਅਤੇ ਸੈਕਸ ਸ਼ੋਸ਼ਣ ਹੋਇਆ ਹੈ। ਲਾਰਡ ਨਜ਼ੀਰ ਅਹਿਮਦ ਨੇ ਦੋਸ਼ਾਂ ਤੋਂ ਫਿਰ ਨਾਂਹ ਕੀਤੀ ਅਤੇ ਆਪਣੇ ਆਪ ਨੂੰ ਉਚ ਚਰਿੱਤਰਵਾਨ ਵਿਅਕਤੀ ਸਾਬਤ ਕਰਨ ਲਈ ਕਈ ਲੋਕਾਂ ਦੇ 'ਰੈਫਰੈਂਸ' ਪੇਸ਼ ਕੀਤੇ। ਬਚਣ-ਬਚਾਉਣ ਲਈ ਬੜੇ ਹੱਥ-ਪੈਰ ਮਾਰੇ, ਪਰ ਆਖਿਰ ਸੱਚਾਈ ਦੇ ਫੰਦੇ 'ਚ ਫਸਣ ਤੋਂ ਬਚ ਨਾ ਸਕੇ।

ਇਸ ਦੌਰਾਨ ਪਤਾ ਲੱਗਾ ਕਿ 5 ਹੋਰ ਔਰਤਾਂ ਨੇ ਵੀ ਲਾਰਡ ਨਜ਼ੀਦ ਅਹਿਮਦ 'ਤੇ ਇਸੇ ਤਰ੍ਹਾਂ ਦੇ ਸੈਕਸ ਸ਼ੋਸ਼ਣ ਦੇ ਦੋਸ਼ ਲਾਏ ਹਨ, ਪਰ ਆਪਣੇ ਨਾਂ ਜਨਤਕ ਨਹੀਂ ਕਰਨਾ ਚਾਹੁੰਦੀਆਂ। ਲਾਰਡ ਅਹਿਮਦ ਤੇ ਉਸਦੇ ਦੋ ਭਰਾਵਾਂ ਵਿਰੁੱਧ ਘੱਟ ਉਮਰ ਦੇ ਬੱਚਿਆਂ ਨਾਲ ਕੁਕਰਮ ਕਰਨ ਦੇ ਕੇਸ ਦਾ ਭੇਦ ਵੀ ਖੁੱਲ੍ਹਾ। ਲਾਪ੍ਰਵਾਹੀ ਨਾਲ ਡਰਾਈਵਿੰਗ ਕਰਦੇ ਇੱਕ ਅੰਗਰੇਜ਼ ਨੌਜਵਾਨ ਨੂੰ ਆਪਣੀ ਕਾਰ ਹੇਠ ਦਰੜ ਕੇ ਮਾਰ ਦੇਣ ਦੇ ਕੇਸ 'ਚ ਲਾਰਡ ਅਹਿਮਦ ਜੇਲ ਦੀ ਕੈਦ ਵੀ ਕੱਟ ਚੁੱਕੇ ਹਨ।

ਰਿਹਾਨਾ ਨੇ ਦੱਸਿਆ ਹੈ ਕਿ ਉਸ ਨੇ ਲਾਰਡ ਨਜ਼ੀਰ ਅਹਿਮਦ ਨਾਲ ਆਪਣੇ ਕੰਮ ਦੇ ਸਬੰਧ 'ਚ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਉਸ ਨੂੰ ਰੈਸਟੋਰੈਂਟ ਮੈਖਾਨੇ 'ਤੇ ਸੱਦਿਆ ਅਤੇ ਪਹਿਲੀ ਮੁਲਾਕਾਤ 'ਚ ਹੀ ਉਸ ਦੇ ਪੱਟਾਂ 'ਤੇ ਹੱਥ ਫੇਰਨ ਲੱਗੇ। ਲਾਰਡ ਨਜ਼ੀਰ ਨੇ ਉਸ ਨੂੰ ਭਰੋਸਾ ਦਿੱਤਾ ਕਿ ਉਸ ਦੀ ਸਮੱਸਿਆ ਬਾਰੇ ਉਹ ਪੁਲਸ ਨੂੰ ਚਿੱਠੀ ਲਿਖਣਗੇ। ਕੁਝ ਸਮੇਂ ਪਿੱਛੋਂ ਇਹ ਪੁੱਛਣ ਲਈ ਕਿ ਪੁਲਸ ਦਾ ਕੋਈ ਜਵਾਬ ਆਇਆ ਹੈ ਕਿ ਨਹੀਂ, ਰਿਹਾਨਾ ਨੇ ਜਦੋਂ ਫੋਨ ਕੀਤਾ ਤਾਂ ਲਾਰਡ ਨਜ਼ੀਰ ਨੇ ਉਸ ਨੂੰ ਫਿਰ ਰੈਸਟੋਰੈਂਟ 'ਚ ਅਤੇ ਉਸ ਤੋਂ ਬਾਅਦ ਅਗਲੀ ਮੁਲਾਕਾਤ ਲਈ ਆਪਣੇ ਘਰ ਸੱਦਿਆ। ਫਿਰ ਕੀ ਹੋਇਆ? ਦੁਨੀਆ ਨੇ ਫਿਰ ਨਾ ਪੂਛੋ, ਲੂਟਾ ਹੈ ਮੁਝਕੋ ਕੈਸੇ।

ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੀਰਪੁਰ 'ਚ ਜਨਮੇ ਨਜ਼ੀਰ ਅਹਿਮਦ ਉਨ੍ਹਾਂ ਦੰਗਾਕਾਰੀ ਬ੍ਰਿਟਿਸ਼ ਪਾਕਿਸਤਾਨੀਆਂ ਦੇ ਇੱਕ ਪ੍ਰਮੁੱਖ ਮੋਹਰੀਆਂ 'ਚੋਂ ਹਨ, ਜੋ ਨਿੱਕੀ ਜਿਹੀ ਘਟਨਾ 'ਤੇ ਭਾਰਤ ਦੇ ਵਿਰੁੱਧ ਰੋਸ ਵਿਖਾਵੇ ਕਰਨ ਲਈ ਝੰਡੇ ਚੁੱਕ ਕੇ ਇਕੱਠੇ ਹੋ ਜਾਂਦੇ ਹਨ। ਕਸ਼ਮੀਰ 'ਚ ਧਾਰਾ 370 ਹਟਾਏ ਜਾਣ 'ਤੇ ਲੰਡਨ ਦੇ ਭਾਰਤੀ ਹਾਈ ਕਮਿਸ਼ਰ ਦੇ ਬਾਹਰ ਦੰਗਾ, ਰੋਸ ਮੁਜ਼ਾਹਰਾ ਅਤੇ ਭੰਨ-ਤੋੜ ਦੀਆਂ ਕਾਰਵਾਈਆਂ ਕਰਨ ਵਾਲੇ ਇਹੀ ਲੋਕ ਸਨ। ਪਿਛਲੇ ਸਾਲ ਭਾਰਤ ਦੇ ਆਜ਼ਾਦੀ ਦਿਹਾੜੇ ਦੇ ਸਬੰਧ ਲੰਡਨ 'ਚ ਆਯੋਜਿਤ ਇੱਕ ਸਮਾਰੋਹ 'ਚ ਤਿਰੰਗਾ ਪਾੜਨ ਅਤੇ ਇੱਕ ਭਾਰਤੀ ਪੱਤਰਕਾਰ ਦਾ ਨਿਰਾਦਰ ਕਰਨ ਵਾਲਾ ਦੰਗਾਕਾਰੀ ਪਾਕਿਸਤਾਨੀਆਂ ਦੇ ਮੋਹਰੀਆਂ 'ਚ ਵੀ ਇਹੀ ਸੀ।

ਲਾਰਡ ਨਜ਼ੀਦ ਅਹਿਮਦ ਨੂੰ ਜਦੋਂ ਪਤਾ ਲੱਗਾ ਕਿ ਮਰਿਆਦਾ ਕਮੇਟੀ ਉਨ੍ਹਾਂ ਨੂੰ ਲੰਡਨ ਤੋਂ ਕੱਢ ਦੇਣ ਦੀ ਸਿਫਾਰਸ਼ ਕਰਨ ਵਾਲੀ ਹੈ ਤਾਂ ਉਨ੍ਹਾਂ ਇਸ ਨਿਰਾਦਰ ਤੋਂ ਬਚਣ ਲਈ ਨਾਟਕ ਖੇਡਿਆ ਤੇ ਲਿਖ ਕੇ ਭੇਜ ਦਿੱਤਾ ਕਿ ਉਹ ਹਾਊਸ ਆਫ ਲਾਰਡਸ ਦੀ ਮੈਂਬਰੀ ਤੋਂ 'ਰਿਟਾਇਰਮੈਂਟ' ਲੈਣੀ ਚਾਹੁੰਦੇ ਹਨ। ਇਸ ਸਦਨ ਦਾ ਮੈਂਬਰ ਨਾਮਜ਼ਦ ਕੀਤੇ ਜਾਣ ਵਾਲੇ ਉਹ ਪਹਿਲੇ ਪਾਕਿਸਤਾਨੀ ਸਨ ਤੇ ਲਾਈਫ ਟਾਈਮ ਮੈਂਬਰ ਨਾਮਜ਼ਦ ਹੋਏ ਸਨ। 23 ਸਾਲ ਮੈਂਬਰ ਰਹਿਣ ਦੇ ਬਾਵਜੂਦ ਵੀ ਉਹ 'ਭੁੱਲ ਗਏ ਕਿ ਲਾਈਫ ਟਾਈਮ ਮੈਂਬਰ 'ਰਿਟਾਇਰ' ਨਹੀਂ ਹੋ ਸਕਦੇ, ਸਿਰਫ ਉਹ ਅਸਤੀਫਾ ਦੇ ਸਕਦੇ ਹਨ। ਮਰਿਆਦਾ ਕਮੇਟੀ ਨੇ ਉਨ੍ਹਾਂ ਦੇ 'ਰਿਟਾਇਰਮੈਂਟ ਨਾਟਕ' ਨੂੰ ਖਤਮ ਕਰਦੇ ਹੋਏ ਉਨ੍ਹਾਂ ਨੂੰ ਹਾਊਸ ਆਫ ਲਾਰਡਸ ਦੀ ਮੈਂਬਰੀ ਤੋਂ ਹੀ ਖਾਰਿਜ ਕਰ ਦਿੱਤਾ।

# ਬਲਾਤਕਾਰ ਦਾ ਦੋਸ਼ੀ 10 ਸਾਲਾਂ ਬਾਅਦ ਯੂ ਕੇ ਭੇਜਿਆ ਜਾਵੇਗਾ

*** ਪਛਾਣ ਲੁਕੋ ਕੇ ਦਿਆਲਪੁਰਾ ’ਚ ਲੁਕਿਆ ਸੀ ਦੋਸ਼ੀ**



ਫਿਲੌਰ (ਜਲੰਧਰ), 29 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਬਰਮਿੰਘਮ ਵਿੱਚ ਬ੍ਰਿਟਿਸ਼ ਔਰਤ ਨਾਲ ਬਲਾਤਕਾਰ ਦੇ ਦੋਸ਼ ਵਿੱਚ ਸੇਵਾ ਸਿੰਘ ਸ਼ੇਰਗਿੱਲ ਨੂੰ ਫਿਲੌਰ ਪੁਲਸ ਨੇ 10 ਸਾਲ ਬਾਅਦ ਗ੍ਰਿਫਤਾਰ ਕਰ ਲਿਆ ਅਤੇ ਹਵਾਲਗੀ ਸਮਝੌਤੇ ਹੇਠ ਭਾਰਤ ਸਰਕਾਰ ਇਸ ਦੋਸ਼ੀਨੂੰ ਇੰਗਲੈਂਡ ਪੁਲਸ ਦੇ ਹਵਾਲੇ ਕਰੇਗੀ।ਪੰਜਾਬ ਪੁਲਸ ਨੇ ਉਸ ਨੂੰ ਫਿਲੌਰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਚਾਰ ਦਿਨਾਂ ਰਿਮਾਂਡ ’ਤੇ ਲਿਆ ਹੈ।

ਇਸ ਬਾਰੇ ਇੰਸਪੈਕਟਰ ਸੰਜੀਵ ਕਪੂਰ ਨੇ ਦੱਸਿਆ ਕਿ ਸੇਵਾ ਸਿੰਘ ਨੇ ਕਰੀਬ 10 ਸਾਲ ਪਹਿਲਾਂ ਬਰਮਿੰਘਮ ’ਚ ਬ੍ਰਿਟਿਸ਼ ਔਰਤ ਨਾਲ ਬਲਾਤਕਾਰ ਕੀਤਾ ਤੇ ਵਾਰਦਾਤ ਤੋਂ ਦੋ ਦਿਨ ਬਾਅਦ ਉਹ ਭਾਰਤ ਆ ਗਿਆ ਸੀ ਅਤੇ ਫਿਲੌਰ ਵਿੱਚ ਹੁਲੀਆ ਬਦਲ ਕੇ ਰਹਿ ਰਿਹਾ ਸੀ।ਇੰਟਰਪੋਲ ਦੀ ਸੂਚਨਾ ਤੋਂ ਬਾਅਦ ਫਿਲੌਰ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਮੂਹਰੇ ਪੇਸ਼ ਕੀਤਾ ਜਾਵੇਗਾ, ਜਿੱਥੋਂ ਉਸ ਦਾ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਇੰਟਰਪੋਲ ਨੇ ਸਭ ਤੋਂ ਪਹਿਲਾਂ ਐਸ ਐਸ ਪੀ ਸੰਦੀਪ ਗਰਗ ਨੂੰ ਸੂਚਿਤ ਕੀਤਾ ਸੀ, ਜਿਨ੍ਹਾਂ ਨੇ ਫਿਲੌਰ ਪੁਲਸ ਨੂੰ ਗ੍ਰਿਫਤਾਰੀ ਲਈ ਕਿਹਾ। ਉਨ੍ਹਾਂ ਦੱਸਿਆ ਕਿ ਇਹ ਦੋਸ਼ੀ ਬਰਮਿੰਘਮ ’ਚ ਖੇਤਾਂ ’ਚ ਮਜ਼ਦੂਰੀ ਕਰਦਾ ਸੀ। ਅੱਠ ਅਗਸਤ 2010 ਨੂੰ ਉਸ ਨੇ ਇੱਕ ਔਰਤ ਨਾਲ ਬਲਾਤਕਾਰ ਕੀਤਾ ਅਤੇ ਫਿਰ ਭਾਰਤ ਆ ਗਿਆ। ਇਥੇ ਆ ਕੇ ਉਸ ਨੇ ਵਿਆਹ ਕਰਵਾ ਲਿਆ। ਉਸ ਦਾ ਇੱਕ 9 ਸਾਲਾ ਲੜਕਾ ਵੀ ਹੈ। ਐਸ ਐਸ ਪੀ ਨੇ ਦੱਸਿਆ ਕਿ ਸੀ ਬੀ ਆਈ ਨੂੰ ਉਸ ਦੀ ਗ੍ਰਿਫਤਾਰੀ ਦੀ ਸੂਚਨਾ ਦੇ ਦਿੱਤੀ ਗਈ ਹੈ, ਇਸਤੋਂ ਬਾਅਦ ਹਵਾਲਗੀ ਸਮਝੌਤੇ ਹੇਠ ਦੋਸ਼ੀ ਨੂੰ ਇੰਗਲੈਂਡ ਪੁਲਸ ਹਵਾਲੇ ਕੀਤਾ ਜਾਵੇਗਾ। ਉਦੋਂ ਤੱਕ ਉਹ ਤਿਹਾੜ ਜੇਲ੍ਹ ਵਿੱਚ ਰਹੇਗਾ।

ਸੇਵਾ ਸਿੰਘ ਦੀ ਮਾਂ ਗੁਰਮੇਜ ਕੌਰ ਤੇ ਪਿਤਾ ਗੁਰਦੇਵ ਸਿੰਘ ਦਾ ਕਹਿਣਾ ਹੈ ਕਿ ਬਰਮਿੰਘਮ ਵਿੱਚ ਰਹਿੰਦਾ ਸੇਵਾ ਸਿੰਘ ਦਾ ਚਾਚਾ ਉਨ੍ਹਾਂ ਦੇ ਪਰਵਾਰ ਨਾਲ ਰੰਜਿਸ਼ ਰੱਖਦਾ ਹੈ। ਉਸੇ ਨੇ ਉਥੋਂ ਦੀ ਇੱਕ ਔਰਤ ਨੂੰ ਪੈਸੇ ਦੇ ਕੇ ਝੂਠਾ ਕੇਸ ਬਣਵਾਇਆ ਸੀ।ਦੋਸ਼ੀ ਦੀ ਪਤਨੀ ਬਲਬੀਰ ਕੌਰ ਨੇ ਦੱਸਿਆ ਕਿ 2012 ਵਿੱਚ ਉਨ੍ਹਾਂ ਨੂੰ ਬਰਮਿੰਘਮ ਤੋਂ ਇੱਕ ਚਿੱਠੀ ਆਈ ਸੀ, ਜਿਸ ਵਿੱਚ ਕਿਸੇ ਨੇ ਸੇਵਾ ਸਿੰਘ ਦੇ ਖਿਲਾਫ ਕੇਸ ਦਰਜ ਕਰਵਾਉਣ ਦੀ ਗੱਲ ਕਹੀ ਸੀ। ਉਸ ਤੋਂ ਬਾਅਦ ਨਾ ਤਾਂ ਕੋਈ ਚਿੱਠੀ ਆਈ ਤੇ ਨਾ ਕਦੇ ਕੋਈ ਗੱਲ ਹੋਈ ਸੀ।

# ਸ਼ੂਟਿੰਗ ਰੇਂਜ ਵਿੱਚ ਚੱਲੀ ਗੋਲੀ ਟਰੈਕਟਰ ਡਰਾਈਵਰ ਦੇ ਸਰੀਰ ਵਿੱਚੋਂ ਆਰ-ਪਾਰ ਹੋਈ

ਫਿਲੌਰ, 29 ਨਵੰਬਰ (ਪੋਸਟ ਬਿਊਰੋ)- ਏਥੋਂ ਦੀ ਪੁਲਸ ਸ਼ੂਟਿੰਗ ਰੇਂਜ ਵਿੱਚ ਕੱਲ੍ਹ ਸਵੇਰੇ 11.30 ਵਜੇ ਦੇ ਕਰੀਬ ਚੱਲੀ ਗੋਲੀ ਫਿਲੌਰ ਤੋਂਪਿੰਡ ਤੇਹੰਗ ਜਾ ਰਹੇ ਟਰੈਕਟਰ ਡਰਾਈਵਰ ਰਾਜ ਕੁਮਾਰ (42) ਪੁੱਤਰ ਮਸਤੂ ਰਾਮ ਵਾਸੀ ਅਸ਼ਹੂਰ ਦੇ ਸਰੀਰ ਵਿੱਚੋਂ ਆਰ-ਪਾਰ ਨਿਕਲ ਜਾਣ ਦੀ ਚਰਚਾ ਸੁਣੀ ਗਈ ਹੈ।

ਗੰਭੀਰ ਜ਼ਖਮੀ ਹੋਏ ਰਾਜ ਕੁਮਾਰ ਦੇ ਵੱਡੇ ਭਰਾ ਪਿੰਡ ਅਸ਼ਹੂਰ ਦੇ ਸਰਪੰਚ ਮਨਜੀਤ ਲਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦਾ ਭਰਾ ਰਾਜ ਕੁਮਾਰ ਟਰੈਕਟਰ ਟਰਾਲੀ ਉਤੇ ਲੇਬਰ ਦਾ ਕੰਮ ਕਰਦਾ ਹੈ। ਉਹ ਸਵੇਰੇ 11.30 ਵਜੇ ਦੇ ਕਰੀਬ ਫਿਲੌਰ ਤੋਂ ਤੇਹੰਗ ਜਾ ਰਿਹਾ ਸੀ ਕਿ ਅਚਾਨਕ ਨਜ਼ਦੀਕੀ ਸ਼ੂਟਿੰਗ ਰੇਂਜ ਵਿੱਚ ਚੱਲੀ ਇੱਕ ਗੋਲੀ ਉਸ ਦੇ ਸਰੀਰ ਦੇ ਆਰ-ਪਾਰ ਨਿਕਲ ਗਈ।ਰੌਲਾ ਪੈਣ ’ਤੇ ਨੇੜਲੇ ਲੋਕਾਂ ਨੇ ਉਸ ਨੂੰ ਦੱਸਿਆ। ਉਹ ਰਾਜ ਕੁਮਾਰ ਨੂੰ ਚੁੱਕ ਕੇ ਸਥਾਨਕ ਸਿਵਲ ਹਸਪਤਾਲ ਲੈ ਗਿਆ। ਉਥੇ ਡਿਊਟੀ ਡਾ. ਨੀਰਜ ਸੋਢੀ ਨੇ ਰਾਜ ਕੁਮਾਰ ਦੀ ਹਾਲਤ ਗੰਭੀਰ ਹੋਣ ਕਾਰਨ ਸੀ ਐਮ ਸੀ ਲੁਧਿਆਣਾ ਰੈਫਰ ਕਰ



ਦਿੱਤਾ।ਸਰਪੰਚ ਮਨਜੀਤ ਲਾਲ ਨੇ ਰੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਉਸ ਦਾ ਇੱਕ ਮਕਾਨ ਸੈਫਾਬਾਦ ਵਿੱਚ ਹੈ। ਸ਼ੂਟਿੰਗ ਰੇਂਜ ਵਿੱਚ ਚੱਲੀਆਂ ਗੋਲੀਆਂ ਆਏ ਦਿਨ ਉਨ੍ਹਾਂ ਦੇ ਘਰਾਂ ਵਿੱਚ ਲੱਗਦੀਆਂ ਰਹਿੰਦੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਇੱਕ ਡੀ ਐਸ ਪੀ ਦੀ ਅਗਵਾਈ ਵਿੱਚ ਲੁਧਿਆਣਾ ਪੁਲਸ ਦੇ ਮੁਲਾਜ਼ਮ ਸ਼ੂਟਿੰਗ ਲਈ ਇਥੇ ਆਏ ਸਨ। ਇਸ ਦੌਰਾਨ ਸ਼ੂਟਿੰਗ ਰੇਂਜ ਤੋਂ ਚੱਲੀ ਗੋਲੀ ਫਿਲੌਰ-ਤੇਹੰਗ ਰੋਡ ਉੱਤੇ ਟਰੈਕਟਰ ’ਤੇ ਜਾ ਰਹੇ ਟਰੈਕਟਰ ਚਾਲਕ ਦੇ ਸਰੀਰ ਵਿੱਚੋਂ ਆਰ-ਪਾਰ ਹੋ ਗਈ ਅਤੇ ਉਹ ਬੇਹੋਸ਼ ਹੋ ਗਿਆ। ਸੰਪਰਕ ਕਰਨ ਉਤੇ ਏ ਐਸ ਪੀ ਫਿਲੌਰ ਸੁਹੈਲ ਕਾਸਿਮ ਨੇ ਕਿਹਾ ਕਿ ਜ਼ਖਮੀ ਰਾਜ ਕੁਮਾਰ ਹਾਲੇ ਬਿਆਨ ਦੇਣ ਦੇ ਕਾਬਲ ਨਹੀਂ ਹੈ। ਉਸ ਦੇ ਹੋਸ਼ ਵਿੱਚ ਆਉਣ ’ਤੇ ਉਸ ਦਾ ਬਿਆਨ ਲਿਆ ਜਾਏਗਾ ਅਤੇ ਅਗਲੀ ਕਾਰਵਾਈ ਕੀਤੀ ਜਾਏਗੀ।ਇਸ ਦੌਰਾਨ ਇਲਾਕਾ ਵਾਸੀਆਂ ਨੇ ਰੇਂਜ ਨੂੰ ਉਥੋਂ ਤਬਦੀਲ ਕਰਨ ਦੀ ਮੰਗ ਕੀਤੀ ਹੈ। ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਅਸ਼ੋਕ ਵਿਹਾਰ ਕਾਲੋਨੀ ਦੇ ਪ੍ਰਧਾਨ ਸੇਵਾਮੁਕਤ ਡੀ ਐਸ ਪੀ ਪ੍ਰਦੀਪ ਧੀਰ ਅਤੇ ਹੋਰਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਤੇਹੰਗ ਰੋਡ ਨਜ਼ਦੀਕ ਵਾਲੀ ਸ਼ੂਟਿੰਗ ਰੇਂਜ ਨੂੰ ਇਥੋਂ ਤਬਦੀਲ ਕੀਤਾ ਜਾਏ।

# ਸ਼ਰਾਬੀ ਪੁਲਸੀਏ ਨੇ ਆਪਣੀ ਕਾਰ ਹੇਠ ਤਿੰਨ ਜਣੇ ਕੁਚਲੇ

ਨਵਾਂ ਸ਼ਹਿਰ, 29 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਇੱਕ ਵਰਦੀਧਾਰੀ ਪੁਲਸ ਮੁਲਾਜ਼ਮ ਨੇ ਸ਼ਰਾਬੀ ਹਾਲਤ ਵਿੱਚ ਰਾਹ ਜਾਂਦਿਆਂ ’ਤੇ ਕਾਰ ਚੜ੍ਹਾ ਦਿੱਤੀ, ਜਿਸ ਨਾਲ ਤਿੰਨ ਜਣੇ ਫੱਟੜ ਹੋ ਗਏ।

ਮਿਲੀ ਜਾਣਕਾਰੀ ਮੁਤਾਬਕ ਰਾਤ ਅੱਠ ਵਜੇ ਗੁਰਦੀਪ ਸਿੰਘ ਕਾਂਸਟੇਬਲ ਸਦਰ ਥਾਣਾ ਨਵਾਂ ਸ਼ਹਿਰ ਤੋਂ ਡਿਊਟੀ ਕਰਕੇ ਕਾਰ ਵਿੱਚ ਆਪਣੇ ਘਰ ਜਾ ਰਿਹਾ ਸੀ, ਜਿਸ ਨੇ ਰੇਲਵੇ ਰੋਡ ’ਤੇ ਆਪਣੀ ਤੇਜ਼ ਰਫਤਾਰ ਨਾਲ ਰਾਹੀਆਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿੱਚ




ਤਿੰਨ ਵਿਅਕਤੀ ਫੱਟੜ ਹੋ ਗਏ। ਲੋਕਾਂ ਨੇ ਜ਼ਖਮੀਆਂ ਨੂੰ ਹਸਪਤਾਲ ਪੁਚਾਇਆ, ਜਿੱਥੇ ਇੱਕ ਨੌਜਵਾਨ ਦੀ ਹਾਲਤ ਗੰਭੀਰ ਹੋਣ ਉਤੇ ਉਸ ਨੂੰ ਸੀ ਐਮ ਸੀ ਲੁਧਿਆਣਾ ਰੈਫਰ ਕਰ ਦਿੱਤਾ ਗਿਆ।ਲੋਕਾਂ ਨੇ ਸ਼ਰਾਬੀ ਪੁਲਸ ਮੁਲਾਜ਼ਮ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਇੰਨੇ ਵਿੱਚ ਪੀ ਸੀ ਆਰ ਵਾਲਿਆਂ ਨੇ ਉਕਤ ਸ਼ਰਾਬੀ ਮੁਲਾਜ਼ਮ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਇਸ ਪਿੱਛੋਂ ਸ਼ਹਿਰ ਵਾਸੀਆਂ ਨੇ ਕਾਰ ਭਜਾਈ ਜਾਂਦੇ ਦੋਸ਼ੀ ਨੂੰ ਕਾਬੂ ਕਰ ਲਿਆ ਅਤੇ ਉਸ ਦੀ ਕਾਰ ਵਿੱਚੋਂ ਵੀ ਸ਼ਰਾਬ ਦੀਆਂ ਕੁਝ ਬੋਤਲਾਂ ਦੇਖੀਆਂ ਗਈਆਂ। ਉਕਤ ਦੋਸ਼ੀ ਸਥਾਨਕ ਲੋਕਾਂ ਤੋਂ ਮੁਆਫੀ ਮੰਗਣ ਤੇ ਆਪਣੀ ਗਲਤੀ ਦਾ ਅਹਿਸਾਸ ਕਰਦਾ ਰਿਹਾ। ਮਸਲਾ ਉਚ ਅਧਿਕਾਰੀਆਂ ਤੱਕ ਪਹੁੰਚ ਗਿਆ ਹੈ, ਜਿਹੜੇ ਦੋਸ਼ੀ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਉਣਗੇ।

# 500 ’ਚ ਪੰਜ ਬੋਤਲਾਂ ਦੇਣ ਤੋਂ ਨਾਂਹ ਕਰਨ ’ਤੇ ਕਾਰਿੰਦੇ ਨੂੰ ਮਾਰ ਸੁੱਟਿਆ




ਭਵਾਨੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਨਦਾਮਪੁਰ ਵਿੱਚ ਕੁਲਬੁਰਛਾ ਰੋਡ ਦੇ ਠੇਕੇ ’ਤੇ ਸ਼ਰਾਬ ਲੈਣ ਆਏ ਪਿਆਕੜਾਂ ਨੇ ਪੰਜ ਸੌ ਰੁਪਏ ਵਿੱਚ ਪੰਜ ਸ਼ਰਾਬ ਦੀਆਂ ਬੋਤਲਾਂ ਨਾ ਦੇਣ ’ਤੇ ਕਾਰਿੰਦੇ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਦਿੱਤੀ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ।

ਪਤਾ ਲੱਗਾ ਹੈ ਕਿ ਸਕੂਟਰੀ ਸਵਾਰ ਦੋ ਅਣਪਛਾਤੇ ਵਿਅਕਤੀ ਠੇਕੇ ਦੇ ਕਾਰਿੰਦੇ ਤੇ ਠੇਕੇ ਦੇ ਗੁਆਂਢੀ ਦੁਕਾਨਦਾਰ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਫਰਾਰ ਹੋ ਗਏ। ਇਸ ਨਾਲ ਗੰਭੀਰ ਜ਼ਖਮੀ ਹੋਏ 25 ਸਾਲਾ ਠੇਕੇ ਦੇ ਕਾਰਿੰਦੇ ਰਾਜੂ ਲਾਲ ਪੁੱਤਰ ਰਮੇਸ਼ ਸ਼ੁਕਲਾ ਵਾਸੀ ਉਤਰ ਪ੍ਰਦੇਸ਼ ਦੀ ਚੰਡੀਗੜ੍ਹ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਗੁਆਂਢੀ ਦੁਕਾਨਦਾਰ ਦੀ ਹਾਲਤ ਖਤਰੇ ਤੋਂ ਬਾਹਰ ਹੈ। ਸੂਚਨਾ ਮਿਲਣ ਉਤੇ ਪਹੁੰਚੀ ਭਵਾਨੀਗੜ੍ਹ ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਇਸ ਠੇਕੇ ਦੇ ਨਾਲ ਦੁਕਾਨ ਕਰਦੇ ਜਸਵੀਰ ਸਿੰਘ ਦੇ ਦੱਸਣ ਮੁਤਾਬਕ ਰਾਤ ਸਾਢੇ ਨੌਂਵਜੇ ਦੇ ਕਰੀਬ ਚਿੱਟੀ ਸਕੂਟੀ ਉਤੇ ਸਵਾਰ 2 ਜਣੇ ਠੇਕੇ ’ਤੇ ਸ਼ਰਾਬ ਲੈਣ ਆਏ ਤੇ ਠੇਕੇ ਦੇ ਕਾਰਿੰਦੇ ਰਾਜੂ ਲਾਲ ਨੂੰ ਸ਼ਰਾਬ ਲਈ ਪੰਜ ਸੌ ਰੁਪਏ ਦੇ ਕੇ ਪੰਜ ਬੋਤਲਾਂ ਲੈਣ ਦੀ ਜ਼ਿੱਦ ’ਤੇ ਅੜ ਗਏ। ਕਾਰਿੰਦੇ ਵੱਲੋਂ ਮਨ੍ਹਾ ਕਰਨ ’ਤੇ ਉਕਤ ਵਿਅਕਤੀ ਭੜਕ ਉਠੇ ਜਿਸ ਤੋਂ ਬਾਅਦ ਉਨ੍ਹਾਂ ਨੇ ਠੇਕੇ ਦੇ ਕਾਰਿੰਦੇ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ।ਜਸਵੀਰ ਨੇ ਦੱਸਿਆ ਕਿ ਛੁੱਡ ਛਡਾਅ ਕਰਾਉਣ ਦੌਰਾਨ ਉਨ੍ਹਾਂ ਦੋਵਾਂ ਨੇ ਉਸ ਦੇ ਵੀ ਲੱਕੜ ਦੇ ਬਾਲੇ ਨਾਲ ਸੱਟਾਂ ਮਾਰੀਆਂ। ਇਸ ਤੋਂ ਬਾਅਦ ਦੋਵੇਂ ਜਣੇ ਕਾਰਿੰਦੇ ਨੂੰ ਬੁਰੀ ਤਰ੍ਹਾਂ ਜ਼ਖਮੀ ਹਾਲਤ ਵਿੱਚ ਸੁੱਟਕੇ ਫਰਾਰ ਹੋ ਗਏ। ਗੰਭੀਰ ਜ਼ਖਮੀ ਇਸ ਕਾਰਿੰਦੇ ਨੂੰ ਪਹਿਲਾਂ ਰਾਜਿੰਦਰਾ ਹਸਪਤਾਲ ਪਟਿਆਲਾ ਭਰਤੀ ਕਰਵਾਇਆ, ਜਿੱਥੋਂ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਪੀ ਜੀ ਆਈ ਚੰਡੀਗੜ੍ਹਭੇਜ ਦਿੱਤਾ, ਜਿੱਥੇ ਉਸ ਦੀ ਮੌਤ ਹੋ ਗਈ। ਥਾਣਾ ਮੁਖੀ ਭਵਾਨੀਗੜ੍ਹ ਗੁਰਦੀਪ ਸਿੰਘ ਨੇ ਕਿਹਾ ਕਿ ਪੁਲਸ ਵੱਲੋਂ ਸੁਰਾਗ ਲੱਭਣ ਲਈ ਸੀ ਸੀ ਟੀ ਵੀ ਫੁਟੇਜ ਖੰਗਾਲੇ ਜਾ ਰਹੇ ਹਨ।

# ਇਕਤਰਫਾ ਪਿਆਰ ਕਾਰਨ ਹੋਇਆ ਸੀ ਨਾਬਾਲਗ ਦਾ ਕਤਲ


ਸ੍ਰੀ ਮੁਕਤਸਰ ਸਾਹਿਬ, 29 ਨਵੰਬਰ (ਪੋਸਟ ਬਿਊਰੋ)- ਕਰੀਬ ਸਵਾ ਸਾਲ ਪਹਿਲਾਂ ਇਕਤਰਫਾ ਪਿਆਰ ਵਿੱਚ ਅੰਨ੍ਹੇ ਇੱਕ ਨਾਬਾਲਗ ਲੜਕੇ ਨੇ ਦੂਜੇ ਨਾਬਾਲਗ ਲੜਕੇ ਦਾ ਕਹੀ ਮਾਰਕੇ ਕਤਲ ਕਰ ਦਿੱਤਾ ਸੀ।

ਪ੍ਰੈਸ ਕਾਨਫਰੰਸ ਦੌਰਾਨ ਜ਼ਿਲ੍ਹਾ ਪੁਲਸ ਮੁਖੀ ਡੀ ਸੁਡਰਵਿਜ਼ੀ ਨੇ ਦੱਸਿਆ ਕਿ 17 ਸਤੰਬਰ 2019 ਨੂੰ ਥਾਣਾ ਸਦਰ ਵਿਖੇ ਪੰਨਾ ਲਾਲ ਪੁੱਤਰ ਰਾਮ ਕ੍ਰਿਸ਼ਨ ਵਾਸੀ ਪਿੰਡ ਬਾਊਲੀ (ਕਸਬਾ ਗੋਰਖਪੁਰਾ) ਜ਼ਿਲ੍ਹਾ ਖੁਸ਼ੀਨਗਰ ਯੂ ਪੀ ਮੌਜੂਦਾ ਵਾਸੀ ਪਿੱਛੇ ਲਾਹੌਰੀਆਂ ਦਾ ਢਾਬਾ, ਨੇੜੇ ਪੇਪਰ ਮਿੱਲ ਪਿੰਡ ਰੁਪਾਣਾ ਨੇ ਬਿਆਨ ਦਿੱਤੇ ਕਿ ਉਸ ਦੇ ਨਾਬਾਲਗ ਲੜਕੇ ਕ੍ਰਿਸ਼ਨ (10) ਦਾ ਕਿਸੇ ਵਿਅਕਤੀ ਨੇ ਸੱਟਾਂ ਮਾਰ ਕੇ ਕਤਲ ਕਰ ਦਿੱਤਾ ਹੈ। ਇਸ ਦੀ ਜਾਂਚ ਲਈ ਪੁਲਸ ਨੇ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਸੀ, ਜਿਸ ਦੀ ਅਗਵਾਈ ਐੱਸ ਪੀ (ਪੀ ਬੀ ਆਈ) ਕੁਲਵੰਤ ਰਾਏ ਮੁਕਤਸਰ ਸਾਹਿਬ ਕਰਦੇ ਸਨ। ਇਸ ਜਾਂਚ ਟੀਮ ਵੱਲੋਂ ਛਾਣਬੀਣ ਕਰਨ ’ਤੇ ਪਤਾ ਲੱਗਾ ਕਿ ਪੰਨਾ ਲਾਲ ਦਾ ਗੁਆਂਢੀ ਮੋਹਨ (ਨਕਲੀ ਨਾਂਅ ਜੁਵੇਨਾਇਲ), ਜੋ ਮ੍ਰਿਤਕ ਦੀ ਭੈਣ ’ਤੇ ਗਲਤ ਅੱਖ ਰੱਖਦਾ ਸੀ, ਜਿਸ ਵਿੱਚ ਲੜਕੀ ਦੀ ਸਹਿਮਤੀ ਨਹੀਂ ਸੀ। ਇਸ ਬਾਰੇ ਕ੍ਰਿਸ਼ਨ ਨੂੰ ਪਤਾ ਸੀ ਤੇ ਉਹ ਮੋਹਨ ਨੂੰ ਰੋਕਦਾ ਸੀ, ਜਿਸ ’ਤੇ ਮੋਹਨ ਨੇ ਉਸ ਦਾ ਕਤਲ ਕਰ ਦਿੱਤਾ। ਪੁਲਸ ਵੱਲੋਂ ਜੁਵੇਨਾਇਲ ਮੋਹਨ ਨੂੰ ਮੁਕ-ੱਦਮੇ ਵਿੱਚ ਨਾਮਜ਼ਦ ਕਰਦਿਆਂ ਕਾਬੂ ਕਰ ਲਿਆ ਹੈ, ਜਿਸ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

# ਪਤਨੀ ਵੱਲੋਂ ਪੁੱਤਰ ਅਤੇ ਦੋਹਤੇ ਨਾਲ ਮਿਲ ਕੇ ਪਤੀ ਦਾ ਕਤਲ

ਪੱਟੀ, 29 ਨਵੰਬਰ (ਪੋਸਟ ਬਿਊਰੋ)- ਬੱਸ ਅੱਡਾ ਪੱਟੀ ਨੇੜੇ ਮੀਟ ਦੀ ਦੁਕਾਨ ਕਰਦੇ ਇੱਕ ਵਿਅਕਤੀ ਦੀ ਕੱਲ੍ਹ ਰਾਤ ਉਸ ਦੀ ਪਤਨੀ, ਪੁੱਤਰ ਅਤੇ ਦੋਹਤੇ ਵੱਲੋਂ ਸਾਹ ਦਬਾ ਕੇ ਹੱਤਿਆ ਕਰ ਦੇਣ ਦੀ ਖਬਰ ਹੈ।

ਥਾਣਾ ਸਿਟੀ ਪੱਟੀ ਦੇ ਐਸ ਐਚ ਓ ਲਖਬੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਜਸਪਾਲ ਸਿੰਘ ਉਰਫ ਜੱਸਾ ਪੁੱਤਰ ਹਰੀ ਸਿੰਘ ਵਾਸੀ ਪੱਟੀ ਵਜੋਂ ਹੋਈ ਹੈ।ਸੂਚਨਾ ਮਿਲਣ ’ਤੇ ਪੱਟੀ ਪੁਲਸ ਨੇ ਨੇ ਜਾਂਚ ਕੀਤਾ ਤਾਂ ਭੇਦ ਖੁੱਲ੍ਹਾ ਕਿ ਮ੍ਰਿਤਕ ਦੀ ਪਤਨੀ ਸੀਤਾ ਰਾਣੀ, ਲੜਕਾ ਰਸ਼ਪਾਲ ਸਿੰਘ ਉਰਫ ਗੋਰਾ ਅਤੇ ਦੋਹਤਾ ਲਵਪ੍ਰੀਤ ਸਿੰਘ ਨੇ ਸਲਾਹ ਕਰ ਕੇ ਜਸਪਾਲ ਸਿੰਘ ਦੀ ਹੱਤਿਆ ਕੀਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮ੍ਰਿਤਕ ਜਸਪਾਲ ਸਿੰਘ ਦੀ ਮਾਤਾ ਗਿਆਨ




ਕੌਰ ਪਤਨੀ ਕੇਸਰ ਸਿੰਘ ਵਾਸੀ ਵਾਰਡ ਨੰਬਰ 18 ਪੱਟੀ ਨੇ ਦੱਸਿਆ ਕਿ ਉਸ ਦਾ ਲੜਕਾ ਜਸਪਾਲ ਸਿੰਘ 35 ਸਾਲ ਪਹਿਲਾਂ ਸੀਤਾ ਰਾਣੀ ਨੂੰ ਪਤਨੀ ਬਣਾ ਕੇ ਘਰ ਲਿਆਇਆ ਸੀ, ਜਿਸ ਦਾ ਇੱਕ ਪੁੱਤਰ ਰਸ਼ਪਾਲ ਗੋਰਾ ਵਿਹਲਾ ਰਹਿੰਦਾ ਹੈ।ਉਨ੍ਹਾਂ ਦੱਸਿਆ ਕਿ ਜਸਪਾਲ ਸਿੰਘ ਦੀ ਲੜਕੀ ਸਿਮਰਨ ਕੌਰ ਉਰਫ ਜੋਤੀ ਪਿੰਡ ਮਾਨੋਚਾਹਲ ਵਿਖੇ ਵਿਆਹੀ ਹੈ ਤੇ ਪਿਛਲੇ ਦੋ-ਤਿੰਨ ਦਿਨਾਂਤੋਂ ਆਪਣੇ ਲੜਕੇ ਲਵਪ੍ਰੀਤ ਸਿੰਘ ਸਮੇਤ ਪੱਟੀ ਵਿਖੇ ਰਹਿ ਰਹੀ ਹੈ। ਬੀਤੀ 27 ਨਵੰਬਰ ਦੀ ਰਾਤ ਰੋਟੀ ਖਾ ਕੇ ਜਦੋਂ ਉਹ ਸੌਂ ਗਏ ਤੇ ਜਸਪਾਲ ਸਿੰਘ ਬਾਹਰ ਲੌਬੀ ਵਿੱਚ ਸੌਂ ਗਿਆ ਤਾਂ ਕਰੀਬ ਰਾਤ 12 ਵਜੇ ਸੀਤਾ ਰਾਣੀ ਨੇ ਚੀਕ ਮਾਰੀ ਤਾਂ ਮੈਂ ਬਾਹਰ ਜਾ ਕੇ ਵੇਖਿਆ ਕਿ ਰਛਪਾਲ ਸਿੰਘ ਉਰਫ ਗੋਰਾ, ਲਵਪ੍ਰੀਤ ਸਿੰਘ ਤੇ ਸੀਤਾ ਰਾਣੀ ਬੈਡ ਉਪਰ ਚੜ੍ਹਕੇ ਜਸਪਾਲ ਸਿੰਘ ਦਾ ਸਾਹ ਘੁੱਟ ਰਹੇ ਸਨ, ਜਿਸ ਨਾਲ ਜਸਪਾਲ ਦੀ ਮੌਕੇ ’ਤੇ ਮੌਤ ਹੋ ਗਈ। ਇਸ ਉਪਰੰਤ ਇਹ ਲੋਕ ਮੈਨੂੰ ਧੂਹ ਕੇ ਅੰਦਰ ਲੈ ਗਏ।ਗਿਆਨ ਕੌਰ ਨੇ ਪੁਲਸ ਨੂੰ ਦੱਸਿਆ ਕਿ ਸੀਤਾ ਰਾਣੀ, ਸਿਮਰਨ ਕੌਰ ਜੋਤੀ, ਰਸ਼ਪਾਲ ਸਿੰਘ ਉਰਫ ਗੋਰਾ ਤੇ ਲਵਪ੍ਰੀਤ ਸਿੰਘ ਨੇ ਜਾਇਦਾਦ ਦੇ ਲਾਲਚ ਵਿੱਚ ਜਸਪਾਲ ਸਿੰਘ ਦੀ ਹੱਤਿਆ ਕੀਤੀ ਹੈ, ਕਿਉਂਕਿ ਇਹ ਲੋਕ ਜਾਇਦਾਦ ਵੇਚਣਾ ਚਾਹੁੰਦੇ ਸਨ ਤੇ ਜਸਪਾਲ ਸਿੰਘ ਵੇਚਣ ਤੋਂ ਰੋਕਦਾ ਸੀ। ਪੁਲਸ ਥਾਣਾ ਸਿਟੀ ਪੱਟੀ ਵਿਖੇ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਕਾਰ ਨਾਲ ਐਕਟਿਵਾ ਟਕਰਾਈ ਵਿਆਹ ਵਿੱਚ ਆਏ ਬੱਚੇ ਦੀ ਮੌਤ

ਜਲੰਧਰ, 29 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਕਾਲਾ ਸੰਘਿਆ ਰੋਡ ’ਤੇ ਇੱਕ ਘਰ ਵਿਆਹ ਸਮਾਰੋਹ ਦੀਆਂ ਖੁਸ਼ੀਆਂ ਓਦੋਂ ਮਾਤਮ ਵਿੱਚ ਬਦਲ ਗਈਆਂ, ਜਦ ਇਸ ਵਿਆਹ ਵਿੱਚ ਬਟਾਲੇ ਤੋਂ ਆਏ ਇੱਕ 15 ਸਾਲਾ ਲੜਕੇ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਪ੍ਰਿੰਸ ਦੇ ਰੂਪ ਵਿੱਚ ਹੋਈ ਹੈ। ਉਸ ਦੇ ਨਾਲ ਗਿਆ ਉਸ ਦਾ ਚਚੇਰਾ ਭਰਾ ਨਿਊ ਸ਼ੀਤਲ ਨਗਰ ਵਾਸੀ ਸੌਰਵ (25) ਗੰਭੀਰ ਜ਼ਖਮੀ ਹੋ ਗਿਆ।



ਸਿਵਲ ਹਸਪਤਾਲ ਦੇ ਡਾ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਿੰਸ ਨੂੰ ਜਦ ਲਿਆਂਦਾ ਗਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ, ਜਦ ਕਿ ਸੌਰਵ ਦੀ ਹਾਲਤ ਗੰਭੀਰ ਹੈ। ਉਨ੍ਹਾਂ ਦੱਸਿਆ ਕਿ ਪ੍ਰਿੰਸ ਦੇ ਸਿਰ ’ਤੇ ਗੰਭੀਰ ਸੱਟ ਲੱਗੀ ਸੀ, ਜੋ ਉਸ ਦੀ ਮੌਤ ਦਾ ਕਾਰਨ ਬਣੀ। ਸੌਰਵ ਦੇ ਮੂੰਹ ਅਤੇ ਸਿਰ ’ਤੇ ਸੱਟਾਂ ਹਨ। ਬਟਾਲੇ ਦੇ ਰਹਿਣ ਵਾਲੇ ਜਨਰਲ ਸਟੋਰ ਦੇ ਮਾਲਕ ਵਿਜੇ ਆਪਣੇ ਬੇਟੇ ਪ੍ਰਿੰਸ ਅਤੇ ਪਰਵਾਰਕ ਮੈਂਬਰਾਂ ਨਾਲ ਆਪਣੇ ਰਿਸ਼ਤੇਦਾਰ ਦੇ ਘਰ ਵਿਆਹ ਵਿੱਚ ਸ਼ਾਮਲ ਹੋਣ ਨੂੰ ਆਏ ਸਨ। ਸਵੇਰੇ ਪ੍ਰਿੰਸ ਆਪਣੇ ਚਚੇਰੇ ਭਰਾ ਸੌਰਵ ਨਾਲ ਕਾਲਾ ਸੰਘਿਆ ਰੋਡ ’ਤੇ ਇੱਕ ਪੈਲੇਸ ਵਿੱਚ ਸਬਜ਼ੀਆਂ ਲੈ ਕੇ ਜਾ ਰਿਹਾ ਸੀ। ਪੈਟਰੋਲ ਪੰਪ ਨੇੜੇ ਖੜ੍ਹੀ ਇੱਕ ਕਾਰ ਵਿੱਚ ਉਨ੍ਹਾਂ ਦੀ ਐਕਟਿਵਾ ਜਾ ਟਕਰਾਈ। ਕੱਚੀ ਰੋਡ ’ਤੇ ਖੜ੍ਹੀ ਕਾਰ ਨਾਲ ਉਨ੍ਹਾਂ ਦੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਪ੍ਰਿੰਸ ਦੀ ਮੌਕੇ ’ਤੇ ਹੀ ਮੌਤ ਹੋ ਗਈ।

ਹਾਦਸੇ ਵਾਲੀ ਜਗ੍ਹਾ ਦੇ ਨੇੜੇ ਮੌਕੇ ’ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਐਕਟਿਵਾ ਨੂੰ ਪ੍ਰਿੰਸ ਚਲਾ ਰਿਹਾ ਸੀ, ਜਦ ਕਿ ਸੌਰਵ ਪਿੱਛੇ ਬੈਠਾ ਸੀ। ਦੋਵੇਂ ਕਾਫੀ ਤੇਜ਼ੀ ਨਾਲ ਆ ਰਹੇ ਸਨ। ਹਾਦਸੇ ਦੇ ਦੌਰਾਨ ਟੱਕਰ ਦੀ ਆਵਾਜ਼ ਵੀ ਇੰਨੀ ਜ਼ੋਰ ਨਾਲ ਆਈ ਕਿ ਨੇੜਲੇ ਲੋਕ ਦੌੜ ਕੇ ਉਥੇ ਪਹੁੰਚੇ। ਐਕਟਿਵਾ ਦੇ ਸਪੀਡੋ ਮੀਟਰ ਉਤੇ ਸੂਈ 70 ਦੀ ਸਪੀਡ ’ਤੇ ਅਟਕੀ ਹੋਈ ਸੀ। ਥਾਣਾ ਲਾਂਬੜਾ ਪੁਲਸ ਅਨੁਸਾਰ ਕੱਲ੍ਹ ਸਵੇਰੇ ਸੌਰਵ ਅਤੇ ਪ੍ਰਿੰਸ ਐਕਟਿਵਾ ’ਤੇ ਕਾਲਾ ਸੰਘਿਆ ਰੋਡ ਵੱਲ ਜਾ ਰਹੇ ਸਨ ਕਿ ਉਸੇ ਦੌਰਾਨ ਪਿੰਡ ਨਿੱਝਰਾਂ ਦੇ ਨੇੜੇ ਪੈਟਰੋਲ ਪੰਪ ਲਾਗੇ ਖੜ੍ਹੀ ਕਾਰ ਨਾਲ ਐਕਟਿਵਾ ਟਕਰਾਉਣ ਕਾਰਨ ਪ੍ਰਿੰਸ ਦੀ ਮੌਤ ਹੋ ਗਈ, ਜਦ ਕਿ ਸੌਰਵ ਦੀ ਹਾਲਤ ਨਾਜ਼ੁਕ ਦੇਖ ਕੇ ਜਲੰਧਰ ਦੇ ਨਿੰਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

# ਮਾਣਹਾਨੀ ਕੇਸ ਵਿੱਚ ਗਾਇਕ ਸਿੱਧੂ ਮੂਸੇਵਾਲਾ ਨੂੰ ਸੰਮਨ ਨਿਕਲੇ

ਸੰਗਰੂਰ, 29 ਨਵੰਬਰ (ਪੋਸਟ ਬਿਊਰੋ)- ਏਥੋਂ ਦੀ ਇੱਕ ਅਦਾਲਤ ਨੇ ਮਾਣਹਾਨੀ ਕੇਸ ਵਿੱਚ ਇੱਕ ਵਕੀਲ ਵੱਲੋਂ ਦਾਅਵਾ ਕਰਨ ’ਤੇ ਬਹੁ-ਚਰਚਿਤ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਅਤੇ ਹੋਰਨਾਂ ਨੂੰ ਸੰਮਨ ਜਾਰੀ ਕਰਦਿਆਂ 11 ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਮਈ 2020 ਨੂੰ ਗਾਇਕ ਸਿੱਧੂ ਮੂਸੇਵਾਲਾ ਅਤੇ ਹੋਰਨਾਂ ਦੇ ਖਿਲਾਫ ਜ਼ਿਲ੍ਹਾ ਸੰਗਰੂਰ ਅਤੇ ਬਰਨਾਲਾ ਦੇ ਦੋ ਥਾਣਿਆਂ ਵਿੱਚ ਦਰਜ ਹੋਏ ਕੇਸਾਂਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਗੀਤ ‘ਸੰਜੂ’ ਵਿੱਚ ਉਸ ਵੱਲੋਂ ਵਕੀਲਾਂ ਦੇ ਖਿਲਾਫ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਗੀਤ ’ਚ ‘ਅਵਾ ਤਵਾ ਬੋਲਦੇ ਵਕੀਲ ਸੋਹਣੀਏ’ ਬੋਲਿਆ ਗਿਆ ਸੀ, ਜਿਸ ਬਾਰੇ ਸੰਗਰੂਰ ਦੇ ਵਕੀਲ ਗੁਰਿੰਦਰਪਾਲ ਨੇ ਇਸ ਨੂੰ ਵਕੀਲ ਭਾਈਚਾਰੇ ਦੀ ਮਾਣ ਨੂੰ ਠੇਸ ਪੁਚਾਉਣ ਵਾਲਾ ਮੰਨਦਿਆਂ ਸਿੱਧੂ ਮੂਸੇਵਾਲਾ ਨੂੰ ਕਾਨੂੰਨੀ ਨੋਟਿਸ ਭੇਜਕੇ ਪੰਜਾਹ ਲੱਖ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਸੀ, ਪਰ ਸਮਾਂ ਸੀਮਾ ਬੀਤਣ ਦੇ ਬਾਵਜੂਦ ਸਿੱਧੂ ਮੂਸੇਵਾਲਾ ਨੇ ਨੋਟਿਸ ਦਾ ਕੋਈ ਜਵਾਬ ਨਹੀਂ ਦਿੱਤਾ। ਇਸ ਪਿੱਛੋਂ ਉਸ ਨੇ ਆਪਣੇ ਵਕੀਲਾਂ ਸੰਜੀਵ ਗੋਇਲ ਅਤੇ ਗੁਰਬਚਨ ਸਿੰਘ ਨਹਿਲ ਰਾਹੀਂ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ, ਨਵਕਰਨ ਬਰਾੜ (ਵੀਡੀਓਗਰਾਫਰ) ਮੋਹਾਲੀ, ਗੋਲਡ ਮੀਡੀਆ ਪ੍ਰੋਮੋਟਰ ਅਤੇ ਯੂ-ਟਿਊਬ ਖਿਲਾਫ ਅਦਾਲਤ ਵਿੱਚ ਦਾਅਵਾ ਕਰ ਦਿੱਤਾ। ਇਸ ਤੋਂ ਬਾਅਦ ਜੱਜ ਕਰੁਣ ਗਰਗ ਦੀ ਅਦਾਲਤ ਨੇ ਗਾਇਕ ਸਿੱਧੂ ਮੂਸੇਵਾਲਾ ਤੇ ਹੋਰਨਾਂ ਨੂੰ ਸੰਮਨ ਜਾਰੀ ਕਰਦਿਆਂ 11 ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਹੈ।

# ਦੋਸ਼ੀਆਂ ਉੱਤੇ ਕਾਰਵਾਈ ਦੀ ਥਾਂ ਸਮਾਜ ਸੇਵੀਆਂ ਉਤੇ ਕੇਸ ਦਰਜ ਕਰ ਦਿੱਤਾ

ਬਠਿੰਡਾ, 29 ਨਵੰਬਰ (ਪੋਸਟ ਬਿਊਰੋ)- ਬਠਿੰਡਾ ਪੁਲਸ ਅਤੇ ਸਿਹਤ ਵਿਭਾਗ ਥੈਲੇਸੀਮੀਆ ਪੀੜਤਾਂ ਨੂੰ ਐਚ ਆਈ ਵੀ ਇਨਫੈਕਸ਼ਨ ਵਾਲਾ ਖੂਨ ਚੜ੍ਹਾਉਣ ਦੇ ਕੇਸ ਵਿੱਚ ਰਾਹ ਤੋਂ ਥਿੜਕ ਗਏ ਅਤੇ ਇਸ ਦੇ ਸ਼ਾਮਲ ਦੋਸ਼ੀਆਂ ’ਤੇ ਕਾਰਵਾਈ ਕਰਨ ਦੀ ਥਾਂ ਰੋਸ ਪ੍ਰਦਰਸ਼ਨ ਕਰ ਰਹੇ ਸਮਾਜ ਸੇਵੀਆਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਹਨ। ਦੂਜੇ ਪਾਸੇ ਡਿਊਟੀ ਵਿੱਚ ਕੋਤਾਹੀ ਵਰਤਣ ਦੇ ਦੋਸ਼ੀਆਂ ਨੂੰ ਜਾਂਚ ਦੇ ਬਹਾਨੇ ਛੋਟ ਦਿੱਤੀ ਗਈ ਅਤੇ ਉਹ ਬੇਖੌਫ ਘੁੰਮ ਰਹੇ ਹਨ। ਇਨ੍ਹਾਂ ਚਾਰ ਘਟਨਾਵਾਂ ਵਿੱਚ ਹਾਲੇ ਤੱਕ ਸਿਰਫ ਇੱਕ ਦੋਸ਼ੀ ਬਲਦੇਵ ਸਿੰਘ ਰੋਮਾਣਾ ’ਤੇ ਕਾਰਵਾਈ ਕੀਤੀ ਗਈ ਹੈ, ਜਦ ਕਿ



ਬਾਕੀ ਦੇ ਕਿਸੇ ਵੀ ਮੁਲਾਜ਼ਮ ਨੂੰ ਇਸ ਮਾਮਲੇ ਵਿੱਚ ਨਾਮਜ਼ਦ ਨਹੀਂ ਕੀਤਾ ਗਿਆ। ਪੰਜਾਬ ਦੇ ਸਿਹਤ ਵਿਭਾਗ ਨੇ ਬਠਿੰਡਾ ਬਲੱਡ ਬੈਂਕ ਵਿੱਚ ਹੋਈਆਂ ਇਨ੍ਹਾਂ ਘਟਨਾਵਾਂ ਦੀ ਨਿਰਪੱਖ ਜਾਂਚ ਦੇ ਲਈ ਵਿਜੀਲੈਂਸ ਵਿਭਾਗ ਨੂੰਸਿਫਾਰਸ਼ ਕੀਤੀ ਸੀ, ਜਿਸ ਤੋਂ ਬਾਅਦ ਵਿਜੀਲੈਂਸ ਨੇ ਸਿਵਲ ਹਸਪਤਾਲ ਬਠਿੰਡਾ ਦੇ ਅਧਿਕਾਰੀਆਂ ਨੂੰ ਜਾਂਚ ਲਈ ਰਿਕਾਰਡ ਪੇਸ਼ ਕਰਨ ਲਈ ਕਿਹਾ ਹੈ। ਬਲੱਡ ਬੈਂਕ ਤੋਂ ਗਾਇਬ ਹੋਈ ਐਚ ਆਈ ਵੀ ਕਿੱਟ ਬਾਰੇ ਪੰਜਾਬ ਰਾਜ ਬਾਲ ਸੁਰੱਖਿਆ ਕਮਿਸ਼ਨ ਨੇ ਜਿਹੜੀ ਜਾਂਚ ਸਿਹਤ ਵਿਭਾਗ ਰਾਹੀਂ ਕਰਵਾਈ ਸੀ, ਉਸ ਰਿਪੋਰਟ ਬਾਰੇ ਸਵਾਲਾਂ ਦੀ ਜਾਂਚ ਵਿਜੀਲੈਂਸ ਵੱਲੋਂਕੀਤੀ ਜਾਏਗੀ। ਇਸ ਵਿੱਚ ਸਾਬਕਾ ਬੀ ਟੀ ਓ ਬਲਦੇਵ ਸਿੰਘ ਰੋਮਾਣਾ ਵੱਲੋਂ 600 ਐਚ ਆਈ ਵੀ ਟੈਸਟ ਕਿੱਟ ਬਾਹਰ ਤੋਂ ਮੰਗਵਾਕੇ ਬੈਂਕ ਦੇ ਸਟਾਕ ਰੂਮ ਵਿੱਚ ਰੱਖਣ ਦੀ ਵੀ ਜਾਂਚ ਹੋਵੇਗੀ ਤੇ ਪਤਾ ਲਾਇਆ ਜਾਏਗਾ ਕਿ ਉਕਤ ਕਿੱਟ ਕਿਸ ਨੂੰ ਤੇ ਕਿਸ ਮਕਸਦ ਨਾਲ ਦਿੱਤੀ ਗਈ ਸੀ।

# ਪੀ ਜੀ ਆਈ ਚੰਡੀਗੜ੍ਹ ਨੂੰ ਲਗਾਤਾਰ ਚੌਥੇ ਸਾਲ ਅੰਗ-ਦਾਨ ਵਿੱਚ ‘ਬੈਸਟ ਹਸਪਤਾਲ’ ਦਾ ਐਵਾਰਡ

ਚੰਡੀਗੜ੍ਹ, 29 ਨਵੰਬਰ (ਪੋਸਟ ਬਿਊਰੋ)- ਉੱਤਰੀ ਭਾਰਤ ਦੀ ਸਭ ਤੋਂ ਵੱਡੀ ਡਾਕਟਰੀ ਸੰਸਥਾ ਪੀ ਜੀ ਆਈ ਨੂੰ ਇੱਕ ਵਾਰ ਫਿਰ ਕੈਡੇਵਰ ਆਰਗਨ ਡੋਨੇਸ਼ਨ ਲਈ ਨੈਸ਼ਨਲ ਐਵਾਰਡ ਐਜ਼ ਦ ਬੈਸਟ ਹਸਪਤਾਲ ਦਾ ਮਿਲਿਆ ਹੈ।

ਵਰਨਣ ਯੋਗ ਹੈ ਕਿ ਪੀ ਜੀ ਆਈ ਚੰਡੀਗੜ੍ਹ ਪਿਛਲੇ ਕੁਝ ਸਾਲਾਂ ਤੋਂ ਬਰੇਨ ਡੈਡ ਮਰੀਜ਼ਾਂ ਦੇ ਅੰਗ ਲੋੜਵੰਦਾਂ ਨੂੰ ਟਰਾਂਸਪਲਾਂਟ ਕਰਨ ਦੇ ਪੱਖੋਂ ਵਧੀਆ ਕੰਮ ਕਰ ਰਿਹਾ ਹੈ। ਇਹ ਲਗਾਤਾਰ ਚੌਥਾ ਮੌਕਾ ਹੈ, ਜਦੋਂ ਪੀ ਜੀ ਆਈ ਨੂੰ ਬੈਸਟ ਹਸਪਤਾਲ ਦਾ ਐਵਾਰਡ ਮਿਲਿਆ ਹੈ। ਪੀ ਜੀ ਆਈ ਨੂੰ ਇੱਕ ਆਨਲਾਈਨ ਪ੍ਰੋਗਰਾਮ ਵਿੱਚ ਇਹ ਐਵਾਰਡ ਦਿੱਤਾ ਗਿਆ ਹੈ। ਇਨ੍ਹੀਂ ਦਿਨੀਂ ਪੀ ਜੀ ਆਈ ਆਪਣਾ 11ਵਾਂ ਇੰਡੀਅਨ ਆਰਗਨ



ਡੋਨੇਸ਼ਨ ਦਿਵਸ ਮਨਾ ਰਿਹਾ ਹੈ। ਭਾਰਤ ਦੇ ਸਿਹਤ ਮੰਤਰੀ ਡਾਕਟਰ ਹਰਸ਼ਵਰਧਨ ਇਸ ਮੌਕੇ ਮੁੱਖ ਮਹਿਮਾਨ ਅਤੇਰਾਜ ਮੰਤਰੀ ਅਸ਼ਵਨੀ ਕੁਮਾਰ ਚੌਬੇ ਵੀ ਇਸ ਆਨਲਾਈਨ ਸੈਸ਼ਨ ਵਿੱਚ ਮੌਜੂਦ ਸਨ। ਇਹ ਪੀ ਜੀ ਆਈ ਲਈ ਵੱਡੀ ਪ੍ਰਾਪਤੀ ਹੈ। ਸੀਨੀਅਰ ਰੀਜਨਲ ਡਾਇਰੈਕਟਰ ਡਾ. ਅਮਰਜੀਤ ਕੌਰ ਨੇ ਇਹ ਐਵਾਰਡ ਡਾਇਰੈਕਟਰ ਜਗਤ ਰਾਮ ਨੂੰ ਦਿੱਤਾ।ਮੈਡੀਕਲ ਸੁਪਰਡੈਂਟ ਡਾ. ਏ ਕੇ ਗੁਪਤਾ ਨੇ ਦਸਿਆ ਕਿ ਪੀ ਜੀ ਆਈ ਵਿੱਚ ਅੰਗਦਾਨ ਕਈ ਸਾਲਾਂ ਤੋਂ ਚੱਲ ਰਿਹਾ ਹੈ। ਕੁਝ ਸਾਲਾਂ ਤੋਂ ਇਸ ਵਿੱਚ ਵੱਡੀ ਸਫਲਤਾ ਮਿਲੀ ਹੈ। ਲੋਕਾਂ ਵਿੱਚ ਵੱਧ ਜਾਗਰੂਕਤਾ ਆ ਰਹੀ ਹੈ। ਪ੍ਰੋਮੋਸ਼ਨ, ਡੋਨੇਸ਼ਨ ਅਤੇ ਟਰਾਂਸਪਲਾਂਟ ਦੀ ਇਹ ਇੱਕ ਪ੍ਰਕਿਰਿਆ ਹੈ, ਜਿਸ ਬਾਰੇ ਇਹ ਟੀਮ ਕੰਮ ਕਰ ਰਹੀ ਹੈ।



# ਸਿੱਖ ਵਿਰੋਧੀ ਦੰਗਿਆਂ ਦੇ ਇੱਕ ਹੋਰ ਕੇਸ ਦੀ ਜਾਂਚ ਸ਼ੁਰੂ

ਕਾਨਪੁਰ, 29 ਨਵੰਬਰ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਹੋਏ ਸਿੱਖ ਵਿਰੋਧੀ ਦੰਗੇ ਦੇ ਇੱਕ ਹੋਰ ਕੇਸ ਦੀ ਜਾਂਚ ਐਸ ਆਈ ਟੀ (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਨੇ ਸ਼ੁਰੂ ਕਰ ਦਿੱਤੀ ਹੈ। ਇੱਕ ਦਿਨ ਪਹਿਲਾਂ ਸਬੂਤ ਇਕੱਠੇ ਕਰ ਕੇ ਟੀਮ ਨੇ ਅਦਾਲਤ ਤੋਂ ਇਜਾਜ਼ਤ ਮੰਗੀ ਸੀ। ਇਸ ਵਾਰਦਾਤ ਵਿੱਚ ਇੱਕੋ ਪਰਵਾਰ ਦੇ ਨੌਜਵਾਨ ਅਤੇ ਉਸ ਦੇ ਰਿਸ਼ਤੇਦਾਰ ਦੀ ਹੱਤਿਆ ਕਰ ਕੇ ਦੰਗਾਕਾਰੀਆਂ ਨੇ ਲਾਸ਼ਾਂ ਸਾੜ ਦਿੱਤੀਆਂ ਸਨ। ਇਸ ਕੇਸ ਦੇ ਸਮੇਤਇਸ ਵਕਤ 19 ਕੇਸਾਂ ਦੀ ਜਾਂਚ ਚੱਲਦੀ ਪਈ ਹੈ।ਐਸ ਆਈ ਟੀ ਮੁਤਾਬਕ ਨੌਬਸਤਾ ਥਾਣਾ ਖੇਤਰ




ਦੇ ਕਿਦਵਈ ਨਗਰ ਵਿੱਚ ਇੱਕ ਨਵੰਬਰ 1984 ਨੂੰ ਇਹ ਵਾਰਦਾਤ ਹੋਈ ਸੀ। ਇਸ ਵਿੱਚ ਪੁਰਸ਼ੋਤਮ ਸਿੰਘ ਦੇ ਘਰ ਉਤੇ ਦੰਗਾਕਾਰੀਆਂ ਨੇ ਹਮਲਾ ਕਰ ਦਿੱਤਾ ਸੀ। ਉਨ੍ਹਾਂ ਦੇ ਭਰਾ ਸਰਦੂਲ ਸਿੰਘ ਅਤੇ ਦਬੌਲੀ ਵਾਸੀ ਇੱਕ ਰਿਸ਼ਤੇਦਾਰ ਗੁਰਦਿਆਲ ਸਿੰਘ ਨੂੰ ਡੰਡਿਆਂ ਤੇ ਸਰੀਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। ਹਮਲੇ ਵਿੱਚ ਪੁਰਸ਼ੋਤਮ ਸਮੇਤ ਪਰਵਾਰ ਦੇ ਸੱਤ ਲੋਕ ਜ਼ਖਮੀ ਹੋਏ ਸਨ। ਏਤੇ ਪੁਲਸ ਦੇ ਆਉਣ ਉਤੇ ਉਨ੍ਹਾਂ ਦੀ ਜਾਨ ਬਚ ਸਕਦੀ ਸੀ।ਐਸ ਆਈ ਟੀ ਦੇ ਐਸ ਪੀ ਬਾਲੇਂਦੂ ਭੂਸ਼ਣ ਨੇ ਦੱਸਿਆ ਕਿ ਪੁਰਸ਼ੋਤਮ ਸਿੰਘ ਨੇ ਇਹ ਕੇਸ ਦਰਜ ਕਰਾਇਆ ਸੀ, ਪਰ ਸਬੂਤਾਂ ਅਤੇ ਗਵਾਹਾਂ ਦੀ ਘਾਟ ਕਾਰਨ ਪੁਲਸ ਨੇ ਫਾਈਨਲ ਰਿਪੋਰਟ ਲਾ ਦਿੱਤੀ ਸੀ। ਪਿਛਲੇ ਦਿਨੀਂ ਜਾਂਚ ਵਿੱਚ ਪਤਾ ਲੱਗਾ ਕਿ ਉਸ ਵਾਰਦਾਤ ਵਿੱਚ ਜ਼ਖਮੀ ਹੋਏ ਕੁਝ ਲੋਕ ਪੰਜਾਬ ਵਿੱਚ ਹਨ। ਉਨ੍ਹਾਂ ਨਾਲ ਗੱਲ ਕਰ ਕੇ ਮੁਕੱਦਮੇ ਦੀ ਅੱਗੇ ਦੀ ਜਾਂਚ ਲਈ ਇਜਾਜ਼ਤ ਮੰਗੀ ਗਈ। ਅਦਾਲਤ ਤੋਂ ਇਜਾਜ਼ਤ ਮਿਲਦੇ ਹੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਰਾਸ਼ਟਰਪਤੀ ਭਵਨ ਦੇ ਗਾਰਡ ਦਾ ਚਾਰਜ ਸਿੱਖ ਰੈਜੀਮੈਂਟ ਨੇ ਲਿਆ




ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ)- ਸਿੱਖ ਰੈਜੀਮੈਂਟ ਦੀ 6ਵੀਂ ਬਟਾਲੀਅਨ ਨੇ ਰਾਸ਼ਟਰਪਤੀ ਭਵਨ ਦੇ ਗਾਰਡ ਦਾ ਚਾਰਜ ਸੰਭਾਲ ਲਿਆ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਬੀਤੇ ਦਿਨੀਂ ਰਾਸ਼ਟਰਪਤੀ ਭਵਨ ਵਿੱਚ ਤੈਨਾਤ ਆਰਮੀ ਗਾਰਡ ਬਦਲਾਅ ਦੇ ਇਸ ਮਹੱਤਵ ਪੂਰਨ ਸਮਾਗਮ ਨੂੰ ਖੁਦ ਵੇਖਿਆ।

ਅਧਿਕਾਰਤ ਬਿਆਨ ਮੁਤਾਬਕ ਪਹਿਲੀ ਗੋਰਖਾ ਰਾਈਫਲਜ਼ ਦੀ ਪੰਜਵੀਂ ਬਟਾਲੀਅਨ ਨੇ ਰਸਮੀ ਆਰਮੀ ਗਾਰਡ ਬਟਾਲੀਅਨ ਵਜੋਂ ਸਾਢੇ ਤਿੰਨ ਸਾਲ ਦਾ ਸਮਾਂ ਪੂਰਾ ਕਰਨ ਦੇ ਬਾਅਦ ਸਿੱਖ ਰੈਜੀਮੈਂਟ ਦੀ 6ਵੀਂ ਬਟਾਲੀਅਨ ਨੂੰ ਚਾਰਜ ਦੇ ਦਿਤਾ। ਫੌਜ ਦੀਆਂ ਵੱਖ-ਵੱਖ ਯੂਨਿਟਾਂ ਵਾਰੀ ਨਾਲ ਇਹ ਕੰਮ ਕਰਦੀਆਂ ਹਨ।ਰਾਸ਼ਟਰਪਤੀ ਭਵਨ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਆਰਮੀ ਗਾਰਡ ਬਟਾਲੀਅਨ ਵੱਖ-ਵੱਖ ਮਹੱਤਵਪੂਰਨ ਸਮਾਗਮਾਂ ਜਿਵੇਂ ਪ੍ਰਮੁੱਖ ਹਸਤੀਆਂ ਨੂੰ ਗਾਰਡ ਆਫ ਆਨਰ ਦੇਣਾ, ਗਣਤੰਤਰ ਦਿਵਸ ਪਰੇਡ, ਸੁਤੰਤਰਤਾ ਦਿਵਸ ਪਰੇਡ, ਬੀਟਿੰਗ ਰਿਟਰੀਟ ਸਮਾਗਮ ਆਦਿ ਵਿੱਚ ਰਸਮੀ ਕਰਤੱਵ ਵੀ ਨਿਭਾਉਂਦੇ ਹਨ ਅਤੇ ਇਹ ਮਾਣ ਵਾਲੀ ਜ਼ਿਮੇਵਾਰੀ ਸਮਝੀ ਜਾਂਦੀ ਹੈ।

# ਅਹਿਮਦ ਪਟੇਲ ਦੀ ਥਾਂ ਪਵਨ ਬਾਂਸਲ ਕਾਂਗਰਸ ਦੇ ਖਜ਼ਾਨਚੀ ਬਣੇ

ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਪਵਨ ਕੁਮਾਰ ਬਾਂਸਲ ਨੂੰ ਪਾਰਟੀ ਦਾ ਖਜ਼ਾਨਚੀ ਬਣਾਇਆ ਗਿਆ ਹੈ। ਉਹ ਸਵਰਗੀ ਨੇਤਾ ਅਹਿਮਦ ਪਟੇਲ ਦੀ ਜ਼ਿੰਮੇਵਾਰੀ ਸੰਭਾਲਣਗੇ।

ਵਰਨਣ ਯੋਗ ਹੈ ਕਿ ਅਹਿਮਦ ਪਟੇਲ ਦੇ ਦਿਹਾਂਤ ਪਿੱਛੋਂ ਇਹ ਅਹੁਦਾ ਖਾਲੀ ਸੀ। ਪਾਰਟੀ ਦੇ ਸੰਗਠਨ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਨੇ ਦੱਸਿਆ ਕਿ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਬਾਂਸਲ ਨੂੰ ਖਜ਼ਾਨਚੀ ਦੀ ਵਾਧੂ ਜ਼ਿੰਮੇਵਾਰੀ ਦਿਤੀ ਹੈ। ਸਾਬਕਾ ਰੇਲ ਮੰਤਰੀ ਬਾਂਸਲ ਇਸ ਵਕਤ ਪਾਰਟੀ ਦੇ ਪ੍ਰਸ਼ਾਸਨਿਕ ਮਾਮ- ਲਿਆਂ ਦੇ ਇੰਚਾਰਜ ਹਨ। ਕਾਂਗਰਸ ਦੇ ਚੋਟੀ ਦੇ ਨੇਤਾਵਾਂ ਵਿੱਚ ਸ਼ਾਮਲ ਬਾਂਸਲ ਨੂੰ ਪਿੱਛੇ ਜਿਹੇ ਸਾਬਕਾ ਜਨਰਲ



ਸਕੱਤਰ ਮੋਤੀ ਲਾਲ ਵੋਹਰਾ ਦੀ ਜਗ੍ਹਾ ਪਾਰਟੀ ਪ੍ਰਸ਼ਾਸਨ ਦੇ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

72 ਸਾਲ ਦੇ ਪਵਨ ਕੁਮਾਰ ਬਾਂਸਲ 10ਵੀਂ, 13ਵੀਂ, 14ਵੀਂ ਅਤੇ 15ਵੀਂ ਲੋਕ ਸਭਾ ਦੇ ਮੈਂਬਰ ਰਹੇ ਹਨ। ਉਹ ਯੂ ਪੀ ਏ ਗੱਠਜੋੜ ਦੀ ਮਨਮੋਹਨ ਸਿੰਘ ਸਰਕਾਰ ਵਿੱਚ ਕੇਂਦਰੀ ਵਿੱਤ ਰਾਜ ਮੰਤਰੀ, ਪਾਰਲੀਮੈਂਟਰੀ ਮਾਮਲਿਆਂ ਦੇ ਰਾਜ ਮੰਤਰੀ, ਜਲ ਸੋਮਿਆਂ ਬਾਰੇ ਮੰਤਰਾਲੇ ਸਮੇਤ ਸਾਰੇ ਵਿਭਾਗਾਂ ਵਿੱਚ ਵੀ ਰਹੇ ਹਨ। ਉਹ ਕੇਂਦਰੀ ਰੇਲ ਮੰਤਰੀ ਵੀ ਬਣੇ ਸਨ।

# ਪੈਂਗੌਂਗ ਝੀਲ ਵਿੱਚ ਭਾਰਤੀ ਨੇਵੀ ਦੇ ਮਾਰਕੋਸ ਤੈਨਾਤ

ਜੰਮੂ, 29 ਨਵੰਬਰ (ਪੋਸਟ ਬਿਊਰੋ)- ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲ ਏ ਸੀ) ਉੱਤੇ ਚੀਨ ਦੀਆਂ ਸਾਜ਼ਿਸ਼ਾਂ ਨੂੰ ਰੋਕਣ ਲਈ ਪੈਂਗੌਂਗ ਝੀਲ ਵਿੱਚ ਇੰਡੀਅਨ ਨੇਵੀ ਦੇ ਉਚ ਸਿਖਲਾਈ ਵਾਲੇ ਮਾਰਕੋਸ (ਮੈਰੀਨ ਕਮਾਂਡੋ) ਲਾਏ ਗਏ ਹਨ। ਉਹ ਚੀਨ ਦੀ ਹਰ ਗੁਸਤਾਖੀ ਦਾ ਜਵਾਬ ਦੇਣ ਲਈ ਉਤਾਵਲੇ ਹਨ।

ਵਰਨਣ ਯੋਗ ਹੈ ਕਿ ਉਥੇ ਹਵਾਈ ਫੌਜ ਦੇ ਗਰੁੜ ਅਤੇ ਫੌਜ ਦੇ ਪੈਰਾ ਕਮਾਂਡੋ ਨੂੰ ਪਹਿਲਾਂ ਤੋਂ ਹੀ ਤੈਨਾਤ ਰੱਖਿਆ ਗਿਆ ਹੈ।ਪੂਰਬੀ ਲੱਦਾਖ ਵਿੱਚ ਪੈਂਗੌਂਗ ਝੀਲ ਦਾ ਕਾਫੀ ਹਿੱਸਾ ਚੀਨ ਦੇ ਕੋਲ ਹੈ। ਉਥੇ ਨੇਵੀ ਦੇ ਕਮਾਂਡੋ ਦੀ ਤੈਨਾਤੀ ਨਾਲ ਦੁਸ਼ਮਣ ਦੇ ਇਰਾਦੇ ਨਾਕਾਮ ਬਣਾਉਣ ਲਈ ਭਾਰਤੀ ਹਥਿਆਰਬੰਦ ਫੌਜਾਂ ਨੂੰ ਮਜਬੂਤੀ ਮਿਲੀ ਹੈ। ਇਸ ਦੇ ਨਾਲ ਲੱਦਾਖ ਦੀ ਹੱਡ ਜਮਾ ਦੇਣ ਵਾਲੀ ਠੰਢ ਵਿੱਚ ਨੇਵੀ ਦੇ ਕਮਾਂਡੋ ਆਪਣੀ ਮਾਰਕ ਸਮਰੱਥਾ ਨੂੰ



ਹੋਰ ਵਧਾਉਣਗੇ। ਸੂਤਰਾਂ ਅਨੁਸਾਰ ਪੈਂਗੌਂਗ ਝੀਲ ਵਿੱਚ ਗਸ਼ਤ ਅਤੇ ਚੌਕਸੀ ਵਧਾਉਣ ਲਈ ਇਨ੍ਹਾਂ ਮਾਰਕੋਸ ਨੂੰ ਆਧੁਨਿਕ ਮੋਟਰਬੋਟ ਦਿੱਤੀਆਂ ਜਾਣਗੀਆਂ।

ਮਾਰਕੋਸ ਅਰਥਾਤ ਸਮੁੰਦਰੀ ਕਮਾਂਡੋ ਇੰਡੀਅਨ ਨੇਵੀ ਦੀ ਉਚ ਸਿਖਲਾਈ ਪ੍ਰਾਪਤ ਯੂਨਿਟ ਹੈ। ਇਹ ਕਮਾਂਡੋ ਦੇਸ਼ ਦੇ ਸਭ ਤੋਂ ਟ੍ਰੇਂਡ ਕਮਾਂਡੋਜ਼ ਵਿੱਚੋਂ ਹਨ ਅਤੇ ਹਵਾ ਅਤੇ ਜ਼ਮੀਨ ਦੇ ਨਾਲ ਪਾਣੀ ਵਿੱਚ ਲੜਨ ਦੇ ਲਈ ਵੀ ਵਿਸ਼ੇਸ਼ ਤੌਰ ’ਤੇ ਟਰੇਂਡ ਹਨ।ਇਹ ਕਮਾਂਡੋ ਅੱਤਵਾਦ ਅਤੇ ਸਮੁੰਦਰ ਅੰਦਰ ਨੇਵੀ ਦੇ ਹਰ ਕਿਸਮ ਦੇ ਆਪਰੇਸ਼ਨ ਦੇ ਸਮਰੱਥ ਹਨ। ਇਨ੍ਹਾਂ ਨੂੰ ਸਖਤ ਟਰੇਨਿੰਗ ਦਿਤੀ ਜਾਂਦੀ ਹੈ, ਤਾਂ ਕਿ ਉਹ ਹਰ ਚੁਣੌਤੀ ਨਾਲ ਨਿਪਟ ਸਕਣ। ਮਾਰਕੋਸ ਨੂੰ ਪਹਿਲਾਂ ਕਸ਼ਮੀਰ ਦੀ ਵੂੱਲਰ ਝੀਲ ਵਿੱਚ ਤੈਨਾਤ ਕੀਤਾ ਗਿਆ ਹੈ। ਉਹ ਉਥੇ ਤੈਨਾਤੀ ਦੌਰਾਨ ਅੱਤਵਾਦ ਖਿਲਾਫ ਮੁਹਿੰਮ ਵਿੱਚ ਹਿੱਸਾ ਲੈਣ ਵਿੱਚ ਨਿਪੁੰਨ ਹੋਏ ਹਨ। ਹਵਾਈ ਫੌਜ ਦੇ ਗਰੁੜ ਕਮਾਂਡੋ ਵੀ ਫਾਇਰ ਕਰਨ ਵਾਲੇ ਇਗਲਾ ਡਿਫੈਂਸ ਸਿਸਟਮ ਨਾਲ ਦੁਸ਼ਮਣ ਦੇ ਲੜਾਕੂ ਜਹਾਜ਼ਾਂ ਨੂੰ ਮਾਰ ਸੁੱਟਣ ਦੇ ਲਈ ਉਚੀਆਂ ਪਹਾੜੀਆਂ ’ਤੇ ਤੈਨਾਤ ਹਨ। ਸਾਲ 2016 ਵਿੱਚ ਪਠਾਨਕੋਟ ਵਿੱਚ ਅੱਤਵਾਦੀ ਹਮਲੇ ਦੇ ਬਾਅਦ ਹਵਾਈ ਫੌਜ ਨੇ ਕਸ਼ਮੀਰ ਘਾਟੀ ਵਿੱਚ ਗਰੁੜ ਕਮਾਂਡੋ ਤੈਨਾਤ ਕੀਤੇ ਗਏ ਸਨ।

# ਹਿਮਾਚਲ ਵਿੱਚ ਫਾਈਵ-ਡੇਅ ਵੀਕ, ਵਿਆਹਾਂ ਵਿੱਚ 50 ਲੋਕ ਹੀ ਸ਼ਾਮਲ ਹੋ ਸਕਣਗੇ

ਸ਼ਿਮਲਾ, 29 ਨਵੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ ਵੱਧਦੀ ਕੋਰੋਨਾ ਇਨਫੈਕਸ਼ਨ ਨੂੰ ਰੋਕਣ ਲਈ ਸੂਬਾ ਸਰਕਾਰ ਨੇ ਇੱਕ ਵਾਰ ਫਿਰ ਤੋਂ ਪਹਿਲਾਂ ਤੈਅ ਕੀਤੇ ਨਿਯਮਾਂ ਨੂੰ ਪਲਟਿਆ ਹੈ। ਨਵੇਂ ਨਿਯਮਾਂ ਮੁਤਾਬਕ ਵਿਆਹ ਸਮੇਤ ਸਾਰੇ ਸਮਾਜਕ ਸਮਾਗਮਾਂ ਵਿੱਚ ਲੋਕਾਂ ਦੇ ਇਕੱਠੇ ਹੋਣ ਦੀ ਗਿਣਤੀ ਘਟਾ ਕੇ ਪੰਜਾਹ ਕਰ ਦਿੱਤੀ ਗਈ ਹੈ। ਪਹਿਲਾਂ ਖੁੱਲ੍ਹੀਆਂ ਥਾਵਾਂ ’ਤੇ ਇਹ ਗਿਣਤੀ 200 ਅਤੇ ਘਰ ਦੀ ਚਾਰ ਦੀਵਾਰੀ ਅੰਦਰ 100 ਕੀਤੀ ਗਈ ਸੀ।



ਮੁੱਖ ਮੰਤਰੀ ਜੈਰਾਮ ਠਾਕੁਰ ਨੇ ਪੱਤਰਕਾਰਾਂ ਨਾਲ ਰਸਮੀ ਗੱਲਬਾਤ ਵਿੱਚ ਦੱਸਿਆ ਕਿ ਸੂਬਾ ਸਰਕਾਰ ਨੂੰ ਵਿਆਹਾਂ ਸਮੇਤ ਹੋਰ ਸਮਾਜਕ ਸਮਾਗਮਾਂ ਲਈ ਲੋਕਾਂ ਦੀ ਗਿਣਤੀ ਇਸ ਲਈ ਘੱਟ ਕਰਨੀ ਪਈ ਹੈ ਕਿ ਕੋਰੋਨਾ ਇਨਫੈਕਸ਼ਨ ਦੀ ਚੇਨ ਨੂੰ ਵਧਣ ਤੋਂ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਸੂਬੇ ਦੇ ਚਾਰ ਜ਼ਿਲ੍ਹਿਆਂ ਸ਼ਿਮਲਾ, ਮੰਡੀ, ਕੁੱਲੂ ਅਤੇ ਕਾਂਗੜਾ ਵਿੱਚ ਰਾਤ 9 ਵਜੇ ਤੋਂ ਸਵੇਰੇ 6 ਵਜੇ ਤੱਕ ਕਰਫਿਊ ਜਾਰੀ ਰਹੇਗਾ। ਇਸ ਤਰ੍ਹਾਂ ਨਾਈਟ ਕਰਫਿਊ ਵਿੱਚ ਇੱਕ ਘੰਟੇ ਦੀ ਢਿੱਲ ਦਿੱਤੀ ਗਈ ਹੈ। ਪਹਿਲਾਂ ਇਹ ਕਰਫਿਊ ਰਾਤ 8 ਵਜੇ ਤੋਂ ਲੱਗਦਾ ਸੀ, ਜੋ ਅੱਗੋਂ ਰਾਤ 9 ਵਜੇ ਤੋਂ ਲੱਗੇਗਾ।ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਦਫਤਰਾਂ ਦਾ ਕੰਮ ਪ੍ਰਭਾਵਤ ਨਾ ਹੋਵੇ, ਇਸ ਲਈ ਪਹਿਲੀ ਤੋਂ ਚੌਥੀ ਸ਼੍ਰੇਣੀ ਤੱਕ ਸਾਰੇ ਅਧਿਕਾਰੀ ਅਤੇ ਕਰਮਚਾਰੀ ਫਾਈਵ ਡੇਅ ਵੀਕ ਕੰਮ ਕਰਨਗੇ। ਛੇਵੇਂ ਦਿਨ ‘ਵਰਕ ਫਰਾਮ ਹੋਮ’ ਹੋਵੇਗਾ।

# ਰਾਜਸਥਾਨ ਵਿੱਚ ਵਿਧਾਇਕਾਂ ਦੀ ਖਰੀਦੋ-ਫਰੋਖ਼ਤ ਦਾ ਮਾਮਲਾ ਫੇਰ ਭਖਿਆ

ਜੈਪੁਰ, 29 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਵਿੱਚ ਸਾਬਕਾ ਮੰਤਰੀ ਅਤੇ ਇੱਕ ਸੀਨੀਅਰ ਕਾਂਗਰਸ ਵਿਧਾਇਕ ਮਹਿੰਦਰਜੀਤ ਸਿੰਘ ਮਾਲਵੀਆ ਦਾ ਇੱਕ ਵੀਡੀਓ ਵਾਇਰਲ ਹੋਣ ਦੇ ਬਾਅਦ ਵਿਧਾਇਕਾਂ ਦੀ ਖਰੀਦੋ-ਫਰੋਖਤ ਦਾ ਮੁੱਦਾ ਇੱਕ ਵਾਰ ਫਿਰ ਭਖ ਪਿਆ ਹੈ। ਇਸ ਵੀਡੀਓ ਵਿੱਚ ਮਾਲਵੀਆ ਨੂੰ ਪੰਚਾਇਤੀ ਚੋਣ ਮੁਹਿੰਮ ਦੇ ਦੌਰਾਨ ਡੂੰਗਰਪੁਰ ਦੀ ਇੱਕ ਸਭਾ ਵਿੱਚ ਇਹ ਕਹਿੰਦੇ ਦਿਖਾਇਆ ਗਿਆ ਹੈ ਕਿ ਭਾਰਤੀ ਟ੍ਰਾਈਬਲ ਪਾਰਟੀ ਦੇ ਦੋਵਾਂ ਵਿਧਾਇਕਾਂ ਨੇ ਕਰੀਬ ਛੇ ਮਹੀਨੇ ਪਹਿਲਾਂ ਅਸ਼ੋਕ ਗਹਿਲੋਤ ਸਰਕਾਰ ਉਤੇ ਆਏ ਸਿਆਸੀ ਸੰਕਟ ਦੇ ਸਮੇਂ ਪੰਜ-ਪੰਜ ਕਰੋੜ ਰੁਪਏ ਲਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਦੋਵਾਂ ਵਿਧਾਇਕਾਂ ਨੇ ਰਾਜ ਸਭਾ ਚੋਣਾਂ ਵਿੱਚ ਵੀ ਪੰਜ-ਪੰਜ ਕਰੋੜ ਰੁਪਏ ਲਏ ਸਨ।

ਮਾਲਵੀਆ ਨੇ ਦੋਵਾਂ ਵਿਧਾਇਕਾਂ ਉੱਤੇ



ਜਿਥੇ ਹੋਰ ਵੀ ਕਈ ਤਰ੍ਹਾਂ ਦੇ ਦੋਸ਼ ਲਾਏ ਹਨ, ਉਥੇ ਟ੍ਰਾਇਬਲ ਪਾਰਟੀ ਦੇ ਦੋਵਾਂ ਵਿਧਾਇਕਾਂ ਰਾਜ ਕੁਮਾਰ ਰੋਤ ਅਤੇ ਰਾਮ ਪ੍ਰਸਾਦ ਡਿੰਡੋਰ ਨੇ ਮਾਲਵੀਆ ਦੇ ਖਿਲਾਫ ਮਾਣਹਾਨੀ ਦਾ ਕੇਸ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਕਿਹਾ ਕਿ ਉਹ ਗਹਿਲੋਤ ਸਰਕਾਰ ਵਿੱਚ ਮੰਤਰੀ ਅਹੁਦਾ ਨਾ ਮਿਲਣ ਕਾਰਨ ਮਾਲਵੀਆ ਸਰਕਾਰ ਨੂੰ ਡੇਗਣ ਲਈ 33 ਕਰੋੜ ਰੁਪਏ ਵਿੱਚ ਵਿਕ ਗਏ ਅਤੇ ਅੱਜ ਪੰਚਾਇਤ ਚੋਣਾਂ ਵਿੱਚ ਆਦਿ-ਵਾਸੀ ਇਲਾਕੇ ਵਿੱਚ ਸਮਰਥਨ ਨਾ ਮਿਲਣ ਕਾਰਨ ਝੂਠੇ ਦੋਸ਼ ਲਾ ਰਹੇ ਹਨ।ਮਾਲਵੀਆ ਦੇ ਬਿਆਨ ਤੋਂ ਨਾਰਾਜ਼ ਦੋਵਾਂ ਵਿਧਾਇਕਾਂ ਨੇ ਗਹਿਲੋਤ ਸਰਕਾਰ ਤੋਂ ਸਮਰਥਨ ਵਾਪਸ ਲੈਣ ਉੱਤੇ ਵਿਚਾਰ ਕਰਨ ਦੀ ਧਮਕੀ ਦਿੱਤੀ ਹੈ। ਗਹਿਲੋਤ ਨੇ ਦੋਵਾਂ ਵਿਧਾਇਕਾਂ ਨੂੰ ਮਨਾਉਣ ਦਾ ਜ਼ਿੰਮਾ ਕਾਂਗਰਸੀ ਕਾਰਜ ਕਮੇਟੀ ਦੇ ਮੈਂਬਰ ਰਘੁਵੀਰ ਮੀਣਾ ਨੂੰ ਦਿਤਾ ਹੈ।

# ਬਿਹਾਰ ਵਿਧਾਨ ਸਭਾ ਵਿੱਚ ਤੇਜੱਸਵੀ ਯਾਦਵ ਨੇ ਨਿਤੀਸ਼ ਕੁਮਾਰ ਨੂੰ ਜਵਾਬੀ ਮਿਹਣੇ ਦਿੱਤੇ

ਪਟਨਾ, 29 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਤਾਜ਼ਾ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਵਿਰੋਧੀ ਆਗੂ ਲਾਲੂ ਪ੍ਰਸਾਦ ਯਾਦਵ ਉੱਤੇ ਕੀਤੇ ਤਿੱਖੇ ਨਿੱਜੀ ਹਮਲਿਆਂ ਦਾ ਜਵਾਬ ਕੱਲ੍ਹ ਵਿਰੋਧੀ ਧਿਰ ਦੇ ਆਗੂ ਅਤੇ ਲਾਲੂ ਦੇ ਪੁੱਤਰ ਤੇਜੱਸਵੀ ਯਾਦਵ ਨੇ ਵਿਧਾਨ ਸਭਾ ਵਿੱਚ ਦਿੱਤਾ।

ਪਹਿਲਾਂ ਚੋਣਾਂ ਦੌਰਾਨ ਜਨਤਾ ਦਲ ਯੂ ਦੇ ਆਗੂ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇੱਕ ਭਾਸ਼ਣ ਦੇ ਦੌਰਾਨ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਮੁਖੀ ਲਾਲੂ ਪ੍ਰਸਾਦ ਦਾ ਨਾਂਅ ਲਏ ਬਿਨਾਂ ਉਸ ਦੇ ਵੱਡੇ ਪਰਵਾਰ ਵੱਲ ਇਸ਼ਾਰਾ ਕਰਦਿਆਂ ਇਸ ਨੂੰ ਲਾਲੂ ਪ੍ਰਸਾਦ ਦੀ ਪੁੱਤਰ ਦੀ ਲਾਲਸਾ ਨਾਲ ਜੋੜਿਆ ਸੀ। ਇਸ



ਉੱਤੇ ਤੇਜੱਸਵੀ ਯਾਦਵ ਨੇ ਕੱਲ੍ਹ ਗੁੱਸਾ ਦਿਖਾਇਆ ਅਤੇ ਕਿਹਾ, ‘ਮੈਨੂੰ ਉਮੀਦ ਹੈ ਕਿ ਮੁੱਖ ਮੰਤਰੀ ਇਸ ਗੱਲ ਤੋਂ ਜਾਣੂ ਹਨ ਕਿ ਮੇਰੇ ਮਾਪਿਆਂ ਦੀ ਸਭ ਤੋਂ ਛੋਟੀ ਔਲਾਦ ਧੀ ਹੈ, ਜੋ ਦੋ ਪੁੱਤਰਾਂ ਤੋਂ ਬਾਅਦ ਜੰਮੀ ਸੀ।’ ਉਨ੍ਹਾਂ ਅੱਗੇ ਕਿਹਾ, ‘ਅੱਗੋਂ ਮੁੱਖ ਮੰਤਰੀ ਦੀ ਗੱਲ ਕਰਦੇ ਹਾਂ, ਜਿਨ੍ਹਾਂ ਦੇ ਕੇਵਲ ਇੱਕ ਪੁੱਤਰ ਹੈ। ਇੱਥੇ ਅਸੀਂਉਨ੍ਹਾਂ ਦੇ ਆਪਣੇ ਮਾਪਦੰਡ ਲਾਗੂ ਕਰਦੇ ਤੇ ਕਹਿੰਦੇ ਹਾਂ ਕਿ ਉਨ੍ਹਾਂ ਨੇ ਧੀ ਦਾ ਜਨਮ ਹੋਣ ਦੇ ਡਰ ਕਾਰਨ ਹੋਰ ਬੱਚਾ ਪੈਦਾ ਹੀ ਨਹੀਂ ਕੀਤਾ।’ ਤੇਜੱਸਵੀਨੇ ਨਿਰਾਸ਼ਾ ਪ੍ਰਗਟਾਈ ਕਿ ਚੋਣਾਂ ਵੇਲੇ ਜਦੋਂ ਉਹ ਲੋਕ ਮੁੱਦਿਆਂ ਵੱਲ ਧਿਆਨ ਕੇਂਦਰਿਤ ਕਰ ਰਹੇ ਸਨ, ਉਦੋਂ ਸੱਤਾਧਾਰੀ ਐਨ ਡੀ ਏ ਗੱਠਜੋੜ ਦੇ ਆਗੂ ਏਧਰ-ਓਧਰ ਦੀਆਂ ਗੱਲਾਂ ਕਰਦੇ ਸਨ। ਉਸ ਨੇ ਦੋਸ਼ ਲਾਇਆ, ‘ਮੈਂ ਨੌਕਰੀਆਂ ਦੀ ਗੱਲ ਕਰਦਾ ਸੀ ਅਤੇ ਮੈਂ ਬਿਹਾਰ ਦੇ ਲੋਕਾਂ ਨੂੰ ਨਮਨ ਕਰਦਾ ਹਾਂ, ਜਿਨ੍ਹਾਂ ਨੇ ਸਾਨੂੰ ਵੋਟ ਪਾਈ ਤੇ ਇਕੱਲੀ ਵੱਡੀ ਪਾਰਟੀ ਵਜੋਂ ਉਭਰਨ ਵਿੱਚ ਮਦਦ ਕੀਤੀ, ਪਰ ਵੱਖ-ਵੱਖ ਥਾਈਂਲਾਏ ਅਧਿਕਾਰੀਆਂ ਨੇ ਧਾਂਦਲੀਆਂ ਕਰ ਕੇ ਕਰੀਬੀ ਟੱਕਰ ਵਾਲੇ ਹਲਕਿਆਂ ਵਿੱਚ ਨਤੀਜੇ ਪਲਟਾ ਦਿੱਤੇ ਸਨ।

# ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮਰਿਆਦਾ ਭੰਗ ਕਰਨ ਵਾਲੇ ਦੇ ਖਿਲਾਫ ਕੇਸ ਦਰਜ

ਨਵੀਂ ਦਿੱਲੀ, 29 ਨਵੰਬਰ (ਪੋਸਟ ਬਿਊਰੋ)- ਕੱਲ੍ਹ ਤੜਕੇ ਇੱਥੇ ਇਤਿਹਾਸਕ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇੱਕ ਵਿਅਕਤੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨਤੋਂ ਪਹਿਲਾਂ ਉਸ ਥੜ੍ਹੇ ਉਤੇ ਛਾਲ ਮਾਰ ਕੇ ਚੜ੍ਹ ਗਿਆ, ਜਿੱਥੇ ਗੁਰੂ ਸਾਹਿਬ ਦੇ ਸਰੂਪ ਦਾ ਪ੍ਰਕਾਸ਼ ਕੀਤਾ ਜਾਣ ਦੀ ਤਿਆਰੀ ਹੋ ਰਹੀ ਸੀ। ਪੁਲਸ ਨੇ ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਉਸ ਦੀ ਪਛਾਣ ਦਿੱਲੀ ਦੇ ਪਹਾੜਗੰਜ ਦੇ ਵਾਸੀਵਜੋਂ ਹੋਈ। ਉਹ ਤਾਮਿਲ ਨਾਡੂ ਦਾ ਰਹਿਣ ਵਾਲਾ ਹੈ।

ਪਤਾ ਲੱਗਾ ਹੈ ਕਿ ਉਹ ਵਿਅਕਤੀਤੜਕੇ ਅਚਾਨਕ ਥੜ੍ਹੇ ਕੋਲ ਆਇਆਤੇ ਇਸ ਦੇ ਉਤੇ ਲੇਟ ਗਿਆ। ਸੇਵਾਦਾਰਾਂ ਨੇ ਉਸ ਨੂੰ ਧੂਹ ਕੇ ਹੇਠਾਂ ਲਾਹਿਆ ਅਤੇ ਗੁਰਦੁ- ਆਰਾ ਸਾਹਿਬ ਪੁੱਜੀ ਸੰਗਤ ਵਿੱਚੋਂ ਕਈ ਸ਼ਰਧਾਲੂਆਂ ਨੇ ਉਸ ਦੀ ਕੁੱਟਮਾਰ ਕੀਤੀ। ਸੂਚਨਾ ਮਿਲਣ ਉੱਤੇਪਾਰਲੀਮੈਂਟ ਸਟਰੀਟ ਥਾਣੇ ਦੀ ਪੁਲਸ ਮੌਕੇ ਉੱਤੇ ਪੁੱਜ ਗਈ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਇਸੇ ਘਟਨਾ ਦਾ ਪਤਾ ਲੱਗਦੇ ਸਾਰ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ, ਕਾਨੂੰਨੀ ਸੈਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਤੇ ਹੋਰ ਮੈਂਬਰ ਥਾਣੇ ਪੁੱਜੇ। ਦੋਸ਼ੀ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਉਸ ਦੀ ਮਾਨਸਿਕ ਹਾਲਤ ਉੱਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਕਿਸੇ ਸਾਜ਼ਿਸ ਦੇ ਕੋਣ ਤੋਂ ਵੀ ਇਹ ਸਾਰਾ ਮਾਮਲਾ ਘੋਖਿਆ ਜਾ ਰਿਹਾ ਹੈ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ




• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131



Jasbir Singh Hundal
Qualified Credit Counsellor

416-502-3100
Unit #20 - 7015 Tranmere Drive Mississauga, ON L5S 1T7

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਮਕਬੂਜ਼ਾ ਕਸ਼ਮੀਰ ਵਿੱਚ ਇਮਰਾਨ ਸਰਕਾਰ ਪਿੱਛੇ ਸਰਕੀ



ਮੁਜ਼ੱਫਰਾਬਾਦ, 29 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ 'ਚ ਜਨਤਾ ਦਾ ਸੜਕਾਂ 'ਤੇ ਵਿਰੋਧ ਅਤੇ ਅੰਤਰ ਰਾਸ਼ਟਰੀ ਦਬਾਅ ਇਮਰਾਨ ਸਰਕਾਰ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਚਾਰਾਂ ਪਾਸਿਉਂ ਘਿਰੀ ਪਾਕਿਸਤਾਨ ਸਰਕਾਰ ਨੂੰ ਇੱਥੇ ਕਈ ਸਾਲਾਂ ਤੋਂਜੇਲ੍ਹ ਵਿੱਚ ਬੰਦ ਸਿਆਸੀ ਵਰਕਰਾਂ ਦੀ ਰਿਹਾਈ ਕਰਨੀ ਪਈ ਹੈ। ਇਸੇ ਦਬਾਅ ਕਾਰਨ 9 ਸਾਲਾਂ ਤੋਂਜੇਲ੍ਹ ਵਿੱਚ ਬੰਦ ਨਾਜਾਇਜ਼ ਪ੍ਰਮੁੱਖ ਸਿਆਸੀ ਵਰਕਰ ਬਾਬਾ ਜਾਨ ਨੂੰ ਰਿਹਾਅ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਮਕਬੂਜ਼ਾ ਕਸ਼ਮੀਰ ਦੇ ਗਿਲਗਿਤ ਬਾਲਤਿਸਤਾਨ ਵਿੱਚ ਪਾਕਿਸਤਾਨੀ ਫੌਜ ਦੇ ਅਤਿਆਚਾਰਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਆਲੋਚਨਾ ਹੋ ਰਹੀ ਹੈ। ਯੂ ਐੱਨ ਦੀਆਂ ਮਨੁੱਖੀ ਅਧਿਕਾਰ ਏਜੰਸੀਆਂ ਨੇ ਵੀ ਪਾਕਿਸਤਾਨ ਦੀਆਂ ਕਰਤੂਤਾਂ ਦਾ ਆਪਣੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ। ਇਮਰਾਨ ਸਰਕਾਰ ਨੇ ਬੈਕਫੁਟ 'ਤੇ ਆਣ ਕੇ ਬਾਬਾ ਜਾਨ ਨੂੰ ਰਿਹਾਅ ਕੀਤਾ ਹੈ। ਬਾਬਾ ਜਾਨ ਇੱਥੇ ਸਰਕਾਰ ਖਿਲਾਫ ਪ੍ਰਦਰਸ਼ਨ ਦੇ ਮੋਹਰੀ ਨੇਤਾ ਹਨ। ਉਨ੍ਹਾ ਦੇ ਕੇਸ ਵਿੱਚ ਮਕਬੂਜ਼ਾ ਕਸ਼ਮੀਰ ਦੀ ਜਨਤਾ ਸੜਕਾਂ 'ਤੇ ਆਏ ਦਿਨ ਪ੍ਰਦਰਸ਼ਨ ਕਰ ਰਹੀ ਸੀ। ਇਹ ਪ੍ਰਦਰਸ਼ਨ ਅਕਤੂਬਰ ਮਹੀਨੇ ਵਿੱਚ ਉਸ ਸਮੇਂ ਰੰਗ ਲਿਆਇਆ,ਜਦੋਂ ਪ੍ਰਦਰਸ਼ਨਕਾਰੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਮਕਬੂਜ਼ਾ ਕਸ਼ਮੀਰ ਪਾਕਿਸਤਾਨ ਦਾ ਹਿੱਸਾ ਨਹੀਂ ਅਤੇ ਉਸ ਦੇ ਕੋਈ ਕਾਨੂੰਨ ਇੱਥੇ ਲਾਗੂ ਨਹੀਂ ਹੁੰਦੇ। ਪਾਕਿਸਤਾਨੀ ਫੌਜ ਇੱਥੇ ਅਤਿਆਚਾਰ ਕਰਦੀ ਹੈ। ਬਾਬਾ ਜਾਨ ਨੂੰ ਇੱਕ ਪ੍ਰਦਰਸ਼ਨ ਦੌਰਾਨ ਹੀ ਝੂਠਾ ਕੇਸ ਬਣਾ ਕੇ ਗ੍ਰਿਫਤਾਰ ਕੀਤਾ ਗਿਆ ਸੀ ਅਤੇ 2011 ਵਿੱਚ ਅੱਤਵਾਦ ਰੋਕੂ ਅਦਾਲਤ ਨੇ ਉਨ੍ਹਾਂ ਨੂੰ ਦੋ ਸਾਥੀਆਂ ਦੇ ਨਾਲ ਸਜ਼ਾ ਸੁਣਾਈ ਸੀ।

# ਵੇਲਜ਼ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦੇ ਭਵਿੱਖ ਬਾਰੇ ਸਵਾਲ



ਲੰਡਨ, 29 ਨਵੰਬਰ (ਪੋਸਟ ਬਿਊਰੋ)- ਵੇਲਸ ਸਰਕਾਰ ਵੱਲੋਂ ਬ੍ਰਿਟੇਨ ਦੇ ਬਸਤੀਵਾਦੀ ਅਤੇ ਗੁਲਾਮਾਂ ਦੇ ਵਪਾਰਕ ਇਤਿਹਾਸ ਨਾਲ ਸਬੰਧਤ ਮੁੜ ਵਿਚਾਰਨ ਯੋਗ ਮੈਮੋਰੀਅਲਜ਼ ਦੀ ਸੂਚੀ ਬਣਾਏ ਜਾਣ ਨਾਲ ਵੇਲਜ਼ ਵਿੱਚ ਮਹਾਤਮਾ ਗਾਂਧੀ ਦੇ ਬੁੱਤ ਦੇ ਭਵਿੱਖ 'ਤੇ ਸਵਾਲ ਉਠ ਖੜਾ ਹੋਇਆ ਹੈ।

ਇਸ ਹਫਤੇ ਜਾਰੀ ਹੋਈ 'ਦ ਸਲੇਵ ਟ੍ਰੇਡ ਐਂਡ ਦ ਬ੍ਰਿਟਿਸ਼ ਐਮਪਾਇਰ-ਐਨ ਆਡਿਟ ਆਫ ਕਮੈਮਰੇਸ਼ਨ ਇਨ ਵੇਲਜ਼' ਨਾਮੀ ਰਿਪੋਰਟ ਵਿੱਚ ਇੱਕ ਸੂਚੀ ਬਣਾਈ ਗਈ ਹੈ, ਜਿਸ 'ਤੇ ਦੂਸਰੇ ਪੜਾਅ ਦੀ ਸਮੀਖਿਆ ਪ੍ਰਕਿਰਿਆ ਚੱਲ ਰਹੀ ਹੈ। ਵੇਲਜ਼ ਦੇ ਕਾਰਡਿਫ ਬੇਅ ਵਿੱਚ ਗਾਂਧੀ ਜੀ ਦਾ ਇੱਕ ਤਾਂਬੇ ਦਾ ਬੁੱਤ ਹੈ, ਜਿਸ ਦਾ ਉਦਘਾਟਨ ਉਨ੍ਹਾਂ ਦੀ 148ਵੀਂ ਜਯੰਤੀ ਮੌਕੇ 2017 ਵਿੱਚ ਕੀਤਾ ਗਿਆ ਸੀ। ਆਡਿਟ ਵਿੱਚ ਉਨ੍ਹਾਂ ਨੂੰ ਪਰਸਨ ਆਫ ਇੰਟਰੈਸਟ ਦੀ 'ਈ' ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਜਿਸ ਦੀ ਸਮੀਖਿਆ ਦੀ ਲੋੜ ਦੱਸੀ ਗਈ ਹੈ। ਇਸ ਸੂਚੀ ਵਿੱਚ ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਤੇ ਰਾਬਰਟ ਕਲੀਵ ਦੇ ਵੀ ਨਾਂਅ ਹਨ।ਆਡਿਟ ਦਸਤਾਵੇਜ਼ ਦੇ ਨੋਟ ਵਿੱਚ ਕਿਹਾ ਗਿਆ ਹੈ ਕਿ 1896 ਵਿੱਚ ਗਾਂਧੀ ਜੀ ਦੇ ਭਾਸ਼ਣ ਵਿੱਚ ਇਹ ਟਿੱਪਣੀ ਕਿ ਗੋਰੇ ਲੋਕ ਹਿੰਦੂਆਂ ਤੇ ਮੁਸਲਮਾਨਾਂ ਨੂੰ ਅਪਮਾਨਿਤ ਕਰਦੇ ਸਨ, ਇਸ ਤੋਂ ਲੱਗਦਾ ਹੈ ਕਿ ਉਹ ਭਾਰਤੀਆਂ ਨੂੰ ਗੈਰ-ਗੋਰੇ ਅਫਰੀਕੀਆਂ ਤੋਂ ਬਿਹਤਰ ਮੰਨਦੇ ਸਨ।

ਇਤਿਹਾਸਕਾਰਾਂ ਨੇ ਇਸ ਬਾਰੇ ਇਹ ਕਹਿੰਦੇ ਹੋਏ ਕਈ ਵਿਚਾਰ ਰੱਖੇ ਹਨ ਕਿ ਦੱਖਣੀ ਅਫਰੀਕਾ ਵਿੱਚ ਸ਼ਤਾਬਦੀ ਦੇ ਅਖੀਰ ਤੱਕ ਬਰਾਬਰੀ ਦੀ ਉਮੀਦ ਕਰਨਾ ਗੈਰ ਰਣਨੀਤਕ ਹੋਵੇਗਾ ਜਾਂ ਗਾਂਧੀ ਦੀ ਪਛਾਣ ਅਫਰੀਕੀਆਂ ਦੇ ਖਿਲਾਫ ਅਤਿਆਚਾਰ ਤੋਂ ਅੱਖ ਬੰਦ ਕਰ ਕੇ ਕੀਤੀ ਗਈ। ਬਾਅਦ ਵਿੱਚ ਭਾਰਤ ਵਿੱਚ ਗਾਂਧੀ ਦੀ ਅਗਵਾਈ ਨਾਲ ਅਫਰੀਕਾ ਵਿੱਚ ਨੈਲਸਨ ਮੰਡੇਲਾ ਸਮੇਤ ਹੋਰ ਨੇਤਾ ਪ੍ਰਭਾਵਤ ਹੋਏ। ਡੇਸਮੰਡ ਟੂਟੂ ਨੇ ਪੀਟਰ ਮੈਰਿਟਸਬਰਗ ਵਿੱਚ 1993 ਵਿੱਚ ਗਾਂਧੀ ਦੇ ਬੁੱਤ ਦਾ ਉਦਘਾਟਨ ਕੀਤਾ।ਵੈਸੇ ਸੂਚੀ ਵਿੱਚ ਗਾਂਧੀ ਨੂੰ ਸ਼ਾਮਲ ਕਰਨ ਲਈ ਮੁੱਖ ਰੂਪ 'ਚ ਲਿਸੈਸਟਰ ਅਤੇ ਮੈਨਚੈਸਟਰ ਵਿੱਚ ਇਸੇ ਤਰ੍ਹਾਂ ਦੇ ਬੁੱਤਾਂ ਦੇ ਖਿਲਾਫ ਕੁਝ ਆਨਲਾਈਨ ਮੁਹਿੰਮਾਂ ਜੁੜੀਆਂ ਹਨ।

## ਐਫ ਬੀ ਆਈ ਦੇ 10 ਵਾਂਟਿਡ ਲੋਕਾਂ ਦੀ ਸੂਚੀ ਵਿੱਚ ਭਾਰਤੀ ਮੂਲ ਦਾ ਇੱਕ ਜਣਾ ਵੀ



ਨਿਊ ਯਾਰਕ, 29 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਨੇ ਭਾਰਤੀ ਮੂਲ ਦੇ ਭਦਰੇਸ਼ ਕੁਮਾਰ ਚੇਤਨਭਾਈ ਪਟੇਲ ਦੀ ਸੂਚਨਾ ਦੇਣ 'ਤੇ 1,00,000 ਡਾਲਰ ਦੀ ਇਨਾਮ ਰਾਸ਼ੀ ਦੀ ਪੇਸ਼ਕਸ਼ ਨੂੰ ਜਨਤਾ ਵਿਚਾਲੇ ਫਿਰ ਤੋਂ ਦੋਹਰਾਇਆ ਹੈ।

ਵਰਨਣ ਯੋਗ ਹੈ ਕਿ ਇਹ ਵਿਅਕਤੀ ਐਫ ਬੀ ਆਈ ਦੀ 2017 ਵਿੱਚ ਜਾਰੀ 10 ਵਾਂਟਿਡ ਲੋਕਾਂ ਦੀ ਸੂਚੀ ਵਿੱਚੋਂ ਇੱਕ ਹੈ।ਭਦਰੇਸ਼ ਕੁਮਾਰ ਚੇਤਨਭਾਈਪਟੇਲ ਨੇ ਸਾਲ 2015 ਵਿੱਚ ਆਪਣੀ ਪਤਨੀ ਪਲਕ ਦੀ ਹੇਨੋਵਰ ਦੇ ਮੈਰੀਲੈਂਡ ਸੂਬੇ ਵਿੱਚ ਡੰਕਿਨ ਡੋਨਟਸ ਕੌਫੀ ਸ਼ਾਪ ਦੇ ਅੰਦਰ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਿਸ ਪਿੱਛੋਂ ਉਹ ਫਰਾਰ ਹੋ ਗਿਆ ਸੀ। ਉਸ 'ਤੇ ਕਤਲ ਦਾ ਦੋਸ਼ ਹੈ। ਉਸ ਨੂੰ 2017 ਵਿੱਚ ਵਾਂਟਿਡ ਲੋਕਾਂ ਦੀ ਸੂਚੀ ਵਿੱਚ ਤਦ ਪਾਇਆ ਗਿਆ ਸੀ, ਜਦ ਉਸ ਨੂੰ ਐਫ ਬੀ ਆਈ ਫੜ ਨਹੀਂ ਸਕੀ ਸੀ। ਉਸ ਉਤੇ 1,00,000 ਡਾਲਰ ਦਾ ਇਨਾਮ ਰੱਖਿਆ ਗਿਆ ਹੈ ਅਤੇ ਕੱਲ੍ਹ ਇਸ ਬਾਰੇ ਟਵੀਟ ਕੀਤਾ ਗਿਆ। ਇਸ ਘਟਨਾ ਤੋਂ ਇੱਕ ਮਹੀਨਾ ਪਹਿਲਾਂ ਹੀ ਦੋਵਾਂ ਦੇ ਵੀਜ਼ਾ ਦੀ ਮਿਆਦ ਖਤਮ ਹੋ ਗਈ ਸੀ ਅਤੇ ਜਾਂਚਕਾਰਾਂ ਦਾ ਮੰਨਣਾ ਹੈ ਕਿ ਪਲਕ ਪਟੇਲ ਭਾਰਤ ਵਾਪਸ ਆਉਣਾ ਚਾਹੁੰਦੀ ਸੀ, ਪਰ ਉਸ ਦੇ ਪਤੀ ਨੇ ਇਸ ਦਾ ਵਿਰੋਧ ਕੀਤਾ ਸੀ। ਪਟੇਲ ਦਾ ਜਨਮ ਗੁਜਰਾਤ ਦੇ ਵਿਰ-ਮਗਾਮ ਵਿੱਚ ਹੋਇਆ ਸੀ।

ਡਬਲਯੂ ਟੀ ਓ ਪੀ ਰੇਡੀਓ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਘਟਨਾ ਦੇ ਦੌਰਾਨ ਪਟੇਲ 24 ਸਾਲ ਦਾ ਸੀ, ਉਸ ਨੇ ਆਪਣੀ 21 ਸਾਲਾ ਪਤਨੀ ਉੱਤੇ ਦੁਕਾਨ ਦੇ ਪਿਛਲੇ ਹਿੱਸੇ ਵਿੱਚ ਰਸੋਈ ਦੇ ਚਾਕੂ ਨਾਲ ਕਈ ਵਾਰ ਹਮਲਾ ਕੀਤਾ ਸੀ, ਉਸ ਦੌਰਾਨ ਉਥੇ ਗਾਹਕ ਮੌਜੂਦ ਸਨ। ਉਹ ਦੋਵੇਂ ਉਥੇ ਕੰਮ ਕਰਦੇ ਸਨ। ਉਸ ਨੇ ਆਖਰੀ ਵਾਰ ਨਿਊ ਜਰਸੀ ਦੇ ਇੱਕ ਰੇਲਵੇ ਸਟੇਸ਼ਨ ਤੋਂ ਟੈਕਸੀ ਲਈ ਸੀ। ਉਸ ਸਮੇਂ ਏਨੀ ਅਰੁੰਡੇਲ ਕਾਉਂਟੀ ਦੇ ਪੁਲਸ ਮੁਖੀ ਰਹੇ ਟਿਮ ਆਲਟੋਮਾਰੇ ਨੇ ਰੇਡੀਓ ਨੂੰ ਦੱਸਿਆ, 'ਇਸ ਮਾਮਲੇ ਵਿੱਚ ਹਿੰਸਾ ਭੜਕੀ ਸੀ। ਇਹ ਦਿੱਲ ਦਹਿਲਾ ਦੇਣ ਵਾਲੀ ਘਟਨਾ ਸੀ ਅਤੇ ਇਹ ਪੁਲਸ ਵਿਭਾਗ ਦੇ ਲਈ ਝਟਕਾ ਸੀ।'

## ਇਲੈਕਟੋਰਲ ਕਾਲਜ ਵਿੱਚ ਬਾਈਡੇਨ ਨੂੰ ਜੇਤੂ ਐਲਾਨ ਹੋਣ ਪਿੱਛੋਂ ਵ੍ਹਾਈਟ ਹਾਊਸ ਛੱਡਾਂਗਾ: ਟਰੰਪ

ਵਾਸ਼ਿੰਗਟਨ, 29 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਬੀਤੇ 3 ਨਵੰਬਰ ਨੂੰ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਜੋ ਬਾਈਡੇਨ (ਡੈਮੋਕ੍ਰੇਟਿਕ ਉਮੀਦਵਾਰ) ਨੂੰ ਇਲੈਕਟੋਰਲ ਕਾਲਜ ਦੇ ਜੇਤੂ ਐਲਾਨ ਹੋਣ ਉੱਤੇ ਹੀ ਉਹ ਵ੍ਹਾਈਟ ਹਾਊਸ ਛੱਡਣਗੇ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਇੱਕ ਵਾਰ ਫਿਰ ਚੋਣਾਂ ਵਿੱਚ ਧੋਖਾਦੇਹੀ ਦੇ ਆਪਣੇ ਬੇਬੁਨਿਆਦ ਦਾਅਵੇ ਨੂੰ ਦੁਹਰਾਇਆ ਅਤੇ ਕਾਨੂੰਨੀ ਕਾਰਵਾਈ ਦੀ ਗੱਲ ਕਹੀ ਹੈ। ਡੋਨਾਲਡ ਟਰੰਪ ਨੇ 'ਥੈਂਕਸ ਗਿਵਿੰਗ ਡੇ'ਮੌਕੇ ਆਪਣੇ ਭਾਸ਼ਣ ਵਿੱਚ ਇਹ ਵੀ ਕਿਹਾ ਕਿ ਜੇ ਬਾਈਡੇਨ ਨੂੰ ਜੇਤੂ ਐਲਾਨ ਕੀਤਾ ਜਾਂਦਾ ਹੈ ਤਾਂ ਇਹ ਇਲੈਕਟੋਰਲ ਕਾਲਜ ਦੀ ਇੱਕ ਵੱਡੀ ਗਲਤੀ ਹੋਵੇਗੀ। ਟਰੰਪ ਤੋਂ ਵ੍ਹਾਈਟ ਹਾਊਸ ਦੇ ਪੱਤਰਕਾਰਾਂ ਨੇ ਪੁੱਛਿਆ ਸੀ ਕਿ ਇਲੈਕਟੋਰਲ ਕਾਲਜ ਵੱਲੋਂ ਬਾਈਡੇਨ ਜੇਤੂ ਐਲਾਨ ਕਰਨ ਉੱਤੇ ਉਹ ਕੀ ਕਰਨਗੇ, ਇਸ ਦੇ ਜਵਾਬ ਵਿੱਚ ਟਰੰਪ ਨੇ ਕਿਹਾ, 'ਇਸ ਨੂੰ ਸਵੀਕਾਰ ਕਰਨਾ ਬੇਹੱਦ ਮੁਸ਼ਕਿਲ ਹੋਵੇਗਾ।' ਇਸ ਦੌਰਾਨ ਵ੍ਹਾਈਟ ਹਾਊਸ ਨੂੰ ਛੱਡਣ ਦੇ ਸਵਾਲ ਉੱਤੇ ਉਨ੍ਹਾਂ ਕਿਹਾ, 'ਨਿਸ਼ਚਤ ਤੌਰ ਉੱਤੇ, ਮੈਂ ਛੱਡਾਂਗਾ ਅਤੇ ਇਹ ਤੁਹਾਨੂੰ ਵੀ ਪਤਾ ਹੈ।'

## ਈਰਾਨ ਦੇ ਸਿਖਰਲੇ ਐਟਮ ਵਿਗਿਆਨੀ ਫਖਰੀ ਜਾਦੇਹ ਦਾ ਕਤਲ

*** ਈਰਾਨ ਵੱਲੋਂ ਕਾਤਲਾਂ ਉੱਤੇ ਕਹਿਰ ਵਰ੍ਹਾਉਣ ਦੀ ਧਮਕੀ**

ਦੁਬਈ, 29 ਨਵੰਬਰ (ਪੋਸਟ ਬਿਊਰੋ)- ਈਰਾਨ ਦੇ ਗੁਪਤ ਐਟਮ ਬੰਬ ਪ੍ਰੋਗਰਾਮ ਦੇ ਮੋਹਰੀ ਸਿਖਰਲੇ ਵਿਗਿਆਨੀ ਮੋਹਸਿਨ ਫਖਰੀਜਾਦੇਹ ਦੀ ਕੱਲ੍ਹ ਤਹਿਰਾਨ ਦੇ ਨੇੜੇ ਘਾਤ ਲਾ ਕੇ ਹੱਤਿਆ ਕਰ ਦਿੱਤੀ ਗਈ।

ਇਸ ਘਟਨਾ ਤੋਂ ਭੜਕੇ ਈਰਾਨ ਦੇ ਸੁਪਰੀਮ ਨੇਤਾ ਅਯਾਤੁੱਲਾ ਅਲੀ ਖਾਮਨੇਈ ਦੇ ਫੌਜੀ ਸਲਾਹਕਾਰ ਤੇ ਕਮਾਂਡਰ ਹੋਸੈਨ ਦੇਹਘਾਨ ਨੇ ਫਖਰੀਜਾਦੇਹ ਦੇ ਕਾਤਲਾਂ ਉੱਤੇ ਕਹਿਰ ਵਰ੍ਹਾਉਣ ਦੀ ਧਮਕੀ ਦਿੱਤੀ ਹੈ।ਉਨ੍ਹਾਂ ਨੇ ਕਿਹਾ ਕਿ ਇਸ ਕਾਇਰਤਾਪੂਰਨ ਹਮਲੇ ਵਿੱਚ ਇਜ਼ਰਾਈਲ ਦਾ ਹੱਥ ਸਾਫ ਸਮਝ ਵਿੱਚ ਆ ਰਿਹਾ ਹੈ। ਇਜ਼ਰਾਈਲ ਆਪਣੇ ਮਿੱਤਰਾਂ ਦੀ ਮਦਦ ਨਾਲ, ਜਿਨ੍ਹਾਂ ਦੀ ਹਕੂਮਤ ਕੁਝ ਦਿਨਾਂ ਦੀ ਹੈ, ਈਰਾਨ ਉੱਤੇਯੁੱਧ ਸ਼ੁਰੂ ਕਰਨ ਦਾ ਦਬਾਅ ਬਣਾ ਰਿਹਾ ਹੈ। ਅਸੀਂਆਪਣੇ ਸ਼ਹੀਦ ਦਾ ਬਦਲਾ ਲੈਣ ਲਈ ਬਿਜਲੀ ਬਣ ਕੇ ਦੁਸ਼ਮਣ ਉੱਤੇ ਟੁੱਟਾਂਗੇ। ਅਸੀਂ ਅਜਿਹਾ ਬਦਲਾ ਲਵਾਂਗੇ ਕਿ ਉਹ ਆਪਣੀਆਂ ਕਰਤੂਤਾਂ ਉੱਤੇ ਹਮੇਸ਼ਾ ਅਫਸੋਸ ਕਰਨਗੇ।

ਵਰਣਨਯੋਗ ਹੈ ਕਿ ਇਹ ਹਮਲਾ ਇੱਕ ਹੋਰ ਵਿਗਿਆਨੀ ਦੀ ਮਾਜਿਦ ਸ਼ਹਿਰਿਆਰੀ ਦੀ ਦਸਵੀਂ ਬਰਸੀ ਤੋਂ ਕੁਝ ਦਿਨ ਪਹਿਲਾਂ ਹੋਇਆ ਹੈ। ਸ਼ਹਿਰਿਆਰੀ ਦੀ ਹੱਤਿਆ ਦੇ ਪਿੱਛੇ ਵੀ ਈਰਾਨ ਅਜੇ ਤੱਕ ਇਜ਼ਰਾਈਲ ਦਾ ਹੱਥ ਮੰਨਦਾ ਹੈ। ਇਸ ਘਟਨਾਕ੍ਰਮ ਤੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਜ ਦੇ ਆਖਰੀ ਕੁਝ ਹਫਤੇ ਵਿੱਚ ਈਰਾਨ ਤੇ ਉਸ ਦੇ ਦੁਸ਼ਮਣਾਂ ਦਾ ਟਕਰਾਅ ਵਧਣ ਦੇ ਆਸਾਰ ਵਧਦੇ ਦਿੱਸਦੇ ਹਨ। ਈਰਾਨ ਦੇ ਵਿਦੇਸ਼ ਮੰਤਰੀ ਇਜ਼ਰਾਈਲ ਦਾ ਹੱਥ ਹੋਣ ਦਾ ਸ਼ੱਕ ਜਤਾਇਆ ਹੈ, ਪਰ ਇਜ਼ਰਾਈਲੀ ਪ੍ਰਧਾਨ ਮੰਤਰੀ ਦੇ ਦਫਤਰ ਅਤੇ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਹਮਲੇ ਉੱਤੇ ਕੋਈ ਟਿੱਪਣੀ ਨਹੀਂ ਕੀਤੀ।

# ਹਵਾਈ ਟਾਪੂ ਵਿੱਚ ਟੂਰਿਸਟਾਂ ਦੀ ਵਾਪਸੀ ਨਾਲ ਚਿੰਤਾ ਵਧੀ



ਹੋਨੋਲੂਲੂ, 29 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਵਾਇਰਸ ਦੇ ਦੋਬਾਰਾ ਤੇਜ਼ੀ ਨਾਲ ਫੈਲਣ ਦਰਮਿਆਨ ਟੂਰਿਜ਼ਮ ਸਥਾਨ ਹਵਾਈ ਨੂੰ ਫਿਰ ਖੋਲ੍ਹਣ 'ਤੇ ਸਥਾਨਕ ਲੋਕ ਚਿੰਤਾ ਵਿੱਚ ਹਨ। ਕੁਝ ਲੋਕ ਟੂਰਿਸਟਾਂ ਦੀ ਵਾਪਸੀ ਨੂੰ ਟਾਪੂ ਲਈ ਚੰਗਾ ਮੰਨਦੇ ਹਨ। ਸੂਬੇ ਦੀ ਅਰਥਵਿਵਸਥਾ ਲਈ ਟੂਰਿਜ਼ਮ ਨਿੱਜੀ ਆਮਦਨ ਦਾ ਸਭ ਤੋਂ ਵੱਡਾ ਸਰੋਤ ਹੈ। ਪਿਛਲੇ ਸਾਲ ਟੂਰਿਜ਼ਮ ਤੋਂ ਹਵਾਈ ਨੂੰ 1.31 ਲੱਖ ਕਰੋੜ ਰੁਪਏ ਦੀ ਆਮਦਨ ਹੋਈ ਸੀ ਤੇ 2019 ਵਿੱਚ ਕਿਸੇ ਵੀ ਦਿਨ ਹਵਾਈ ਵਿੱਚ ਔਸਤਨ 15 ਫੀਸਦੀ ਵਿਅਕਤੀ ਬਾਹਰਲੇ ਸਨ।

ਇਸ ਸਾਲ ਕੋਰੋਨਾ ਦੀ ਮਹਾਂਮਾਰੀ ਦੇ ਬਾਅਦ ਅਗਸਤ ਤੱਕ 6 ਮੁਲਾਜ਼ਮਾਂ ਵਿੱਚੋਂ ਇੱਕ ਦੀ ਨੌਕਰੀ ਖਤਮ ਹੋ ਚੁੱਕੀ ਸੀ। ਟੂਰਿਜ਼ਮ 'ਤੇ ਨਿਰਭਰ ਅਮਰੀਕਾ ਦੇ ਨੇਵਾਦਾ ਵਰਗੇ ਰਾਜਾਂ ਦੀ ਸਥਿਤੀ ਪਹਿਲਾਂ ਦੇ ਮੁਕਾਬਲੇ ਸੁਧਰ ਚੁੱਕੀ ਹੈ। ਉਥੇ ਮਨੋਰੰਜਨ ਤੇ ਟੂਰਿਜ਼ਮ ਨਾਲ ਜੁੜੀਆਂ ਨੌਕਰੀਆਂ ਵੱਡੀ ਗਿਣਤੀ ਵਿੱਚ ਬਹਾਲ ਹੋਈਆਂ ਹਨ, ਪਰ ਹਵਾਈ ਇਸ ਮਾਮਲੇ ਵਿੱਚ ਪਿੱਛੇ ਹੈ।ਟੂਰਿਜ਼ਮ ਨੂੰ ਹੱਲਾਸ਼ੇਰੀ ਦੇਣ ਲਈ ਕੋਵਿਡ 19 ਦੇ ਨੈਗੇਟਿਵ ਟੈਸਟ ਵਾਲੇ ਲੋਕਾਂ ਨੂੰ ਕੁਆਰੰਟਾਈਨ ਵਿੱਚ ਰੱਖਣ ਦਾ ਨਿਯਮ ਖਤਮ ਕਰ ਦਿੱਤਾ ਗਿਆ ਹੈ। ਚਾਰ ਨਵੰਬਰ ਤੋਂ ਜਪਾਨੀ ਟੂਰਿਸਟਾਂ ਦੇ ਲਈ ਸ਼ੁਰੂ ਕੀਤੇ ਪ੍ਰੋਗਰਾਮ ਨਾਲ ਹਵਾਈ ਨੂੰ ਸੰਭਲਣ ਦਾ ਮੌਕਾ ਮਿਲੇਗਾ। ਹੋਨੋਲੂਲੂ ਦੇ ਅਲਾ ਮੋਨਾ ਬੀਚ ਪਾਰਕ ਵਿੱਚ ਲਾਈਫ ਗਾਰਡ ਮੋ ਫ੍ਰੇਟਾਸ ਕਹਿੰਦੇ ਹਨ, ਲੋਕਾਂ ਦੇ ਮੁੜਨ ਨਾਲ ਸਾਡਾ ਕੰਮ-ਧੰਦਾ ਬਿਹਤਰ ਹੋਵੇਗਾ। ਫ੍ਰੇਟਾਸ ਤੋਂ ਕੁਝ ਦੂਰ ਬੈਠੇ ਰੂਡੀ ਪੇਰੁਚੋ ਸਮੁੰਦਰ ਤੋਂ ਸਫਰਿੰਗ ਕਰਕੇ ਮੁੜੇ ਸਨ। ਆਪਣੀ ਕਾਰ ਵਿੱਚ ਸਫਰ ਬੋਰਡ ਰੱਖਦੇ ਹੋਏ ਉਹ ਕਹਿੰਦੇ ਹਨ, ਬਾਹਰ ਤੋਂ ਆਉਣ ਵਾਲੇ ਕੁਝ ਲੋਕ ਨਿਯਮਾਂ ਦਾ ਪਾਲਣ ਨਹੀਂ ਕਰਦੇ ਹਨ। ਉਹ ਇਸ ਤੱਥ ਨੂੰ ਵੀ ਸਵੀਕਾਰ ਨਹੀਂ ਕਰਦੇ ਕਿ ਇਹ ਉਨ੍ਹਾਂ ਦਾ ਦੇਸ਼ ਜਾਂ ਉਨ੍ਹਾਂ ਦੀ ਜ਼ਮੀਨ ਨਹੀਂ ਹੈ।ਹਵਾਈ ਦੇ ਕੁਝ ਅਧਿਕਾਰੀ ਟੂਰਿਸਟਾਂ ਦੀ ਗਿਣਤੀ ਵਧਣ 'ਤੇ ਲੋਕਾਂ ਦੀ ਪ੍ਰਤੀਕਿਰਿਆ ਨੂੰ ਲੈ ਕੇ ਚਿੰਤਤ ਹਨ। ਮਹਾਂਮਾਰੀ ਦੇ ਸ਼ੁਰੂ ਦੇ ਦਿਨਾਂ ਵਿੱਚ ਸਥਾਨਕ ਲੋਕਾਂ ਅਤੇ ਟੂਰਿਸਟਾਂ ਦੇ ਵਿੱਚ ਵਿਵਾਦ ਹੋਏ ਸਨ। ਸਾਰੇ ਅਧਿਕਾਰੀ ਟੈਸਟਿੰਗ ਦੀ ਨਵੀਂ ਵਿਵਸਥਾ ਨਾਲ ਸਹਿਮਤ ਨਹੀਂ ਹਨ। ਟਾਪੂ ਦੇ ਤਿੰਨ ਮੇਅਰਾਂ ਦਾ ਕਹਿਣਾ ਹੈ, ਉਹ ਚਾਹੁੰਦੇ ਹਨ ਕਿ ਇਥੇ ਪਹੁੰਚਣ ਦੇ ਬਾਅਦ ਸੈਲਾਨੀਆਂ ਦਾ ਦੂਸਰਾ ਨੈਗੇਟਿਵ ਟੈਸਟ ਆਉਣਾ ਚਾਹੀਦਾ ਹੈ। ਜੇ ਕੁਝ ਟੂਰਿਸਟ ਇਨਫੈਕਟਿਡ ਨਿਕਲਣ ਤਾਂ ਇਨਫੈਕਸ਼ਨ ਫੈਲ ਸਕਦਾ ਹੈ।

## ਵਿਆਹ ਤੋਂ ਪਰਤਦੇ ਸਮੇਂ ਸੜਕ ਹਾਦਸੇ ਵਿੱਚ ਤਿੰਨ ਮੌਤਾਂ

ਸੋਨੀਪਤ, 29 ਨਵੰਬਰ (ਪੋਸਟ ਬਿਊਰੋ)- ਏਥੇ ਇੱਕ ਵਿੱਚ ਵਿਆਹ ਅਟੈਂਡ ਕਰਨ ਪਿੱਛੋਂ ਦੇਰ ਰਾਤ ਵਾਪਸ ਆਪਣੇ ਪਿੰਡ ਨਿਜਾਮਪੁਰ ਪਰਤ ਰਹੇ ਤਿੰਨ ਨੌਜਵਾਨਾਂ ਦੀ ਕਾਰ ਅਤੇ ਪ੍ਰਾਈਵੇਟ ਬਸ ਦੀ ਟੱਕਰ ਵਿੱਚ ਮੌਤ ਹੋ ਗਈ। ਕਾਰ ਚਾਲਕ ਪਵਨ ਦੀ ਹਾਲਤ ਗੰਭੀਰ ਹੈ, ਜਿਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਫਰਮਾਣਾ ਪਿੰਡ ਦੇ ਸਤਬੀਰ ਦੇ ਲੜਕੇ ਦਾ ਵਿਆਹ ਸੋਨੀਪਤ ਵਿੱਚ ਹੋਇਆ ਸੀ, ਜਿਸ ਵਿੱਚ ਸ਼ਾਮਲ ਹੋਣ ਲਈ ਨਿਜਾਮਪੁਰ ਦੇ ਵਾਸੀ ਸਾਬਕਾ ਸਰਪੰਚ ਸੁਖਪਾਲ ਸਿੰਘ (48 ਸਾਲ), ਬਿਲਡਿੰਗ ਕੰਟ੍ਰੈਕਟਰ ਰਵਿੰਦਰ ਗਹਿਲਾਵਤ (47 ਸਾਲ) ਅਤੇ ਨਿਜਾਮਪੁਰ ਦੇ ਵਾਸੀ ਸੁਧੀਰ ਅਤੇ ਪਵਨ ਇਕੱਠੇ ਗਏ ਸਨ। ਵਿਆਹ ਨੂੰ ਅਟੈਂਡ ਕਰ ਕੇ ਦੇਰ ਰਾਤ ਨੂੰ ਚਾਰੇ ਜਣੇ ਆਪਣੀ ਗੱਡੀ ਵਿੱਚ ਰਤਨਗੜ੍ਹ-ਭਠਗਾਂਵ ਦੇ ਰਸਤੇ ਨਿਜਾਮਪੁਰ ਮਾਜਰਾ ਰੋਡ ਵੱਲ ਨੂੰ ਜਾ ਰਹੇ ਸਨ। ਜਿਵੇਂ ਹੀ ਉਹ ਰਤਨਗੜ੍ਹ ਅਤੇ ਭਠਗਾਂਵ ਦੇ ਵਿਚਾਲੇ ਪਹੁੰਚੇ ਤਾਂ ਪ੍ਰਾਈਵੇਟ ਬਸ ਨਾਲਉਨ੍ਹਾਂ ਦੀ ਕਾਰ ਨਾਲ ਟੱਕਰ ਹੋ ਗਈ ਅਤੇ ਹਾਦਸੇ ਵਿੱਚ ਇਕੱਠੇ ਤਿੰਨ ਜਣਿਆਂ ਦੀ ਮੌਤ ਹੋ ਗਈ।

# ਥਾਈਲੈਂਡ ਵਿੱਚ ਲੋਕਤੰਤਰ ਸਮਰਥਕ ਪ੍ਰਦਰਸ਼ਨਕਾਰੀਆਂ ਨੂੰ ਤਖਤਾ ਪਲਟਣ ਦਾ ਸ਼ੱਕ



ਬੈਂਕਾਕ, 29 ਨਵੰਬਰ (ਪੋਸਟ ਬਿਊਰੋ)- ਥਾਈਲੈਂਡ ਵਿੱਚ ਲੋਕਤੰਤਰ ਸਮਰਥਕਾਂ ਨੇ ਗ੍ਰਿਫਤਾਰੀ ਵਾਰੰਟ ਜਾਰੀ ਹੋਣ ਅਤੇ ਹਿੰਸਕ ਹਮਲਿਆਂ ਦੇ ਬਾਵਜੂਦ ਇੱਕ ਹੋਰ ਰੈਲੀ ਕੱਢੀ ਅਤੇ ਫੌਜੀ ਤਖਤਾ ਪਲਟ ਦਾ ਸ਼ੱਕ ਪ੍ਰਗਟਾਇਆ ਹੈ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਹੋਈ ਰੈਲੀ ਵਿੱਚ ਦੋ ਜਣਿਆਂ ਨੂੰ ਗੋਲੀ ਮਾਰੀ ਗਈ ਸੀ ਜਿਸ ਵਿੱਚ ਉਹ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਪ੍ਰਯੁਤਚਾਨ ਓਚਾ ਦੇ ਅਹੁਦੇ ਤੋਂ ਹਟਣ ਤੇ ਇਸ ਸਰਕਾਰ ਦੇ ਰਾਜ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਇਸ ਦੇ ਨਾਲ ਸੰਵਿਧਾਨ ਵਿੱਚ ਸੋਧ ਕਰ ਕੇ ਇਸ ਨੂੰ ਹੋਰ ਲੋਕਤੰਤਰੀ ਬਣਾਉਣ ਅਤੇ ਰਾਜਸ਼ਾਹੀ 'ਚ ਸੁਧਾਰ ਕਰਨ ਦੇ ਨਾਲਉਸ ਨੂੰ ਹੋਰ ਜਵਾਬਦੇਹ ਬਣਾਉਣ ਦੀ ਮੰਗ ਕਰਦੇ ਹਨ। ਇਸ ਵਿੱਚ ਰਾਜਵੰਸ਼ ਨਾਲ ਜੁੜਿਆ ਮੁੱਦਾ ਸਭ ਤੋਂ ਵਿਵਾਦ ਪੂਰਨ ਹੈ, ਕਿਉਂਕਿ ਸ਼ਾਹੀ ਸੰਸਥਾਵਾਂ ਵੱਲ ਉਂਗਲੀ ਚੁੱਕਣਾ ਕਾਨੂੰਨੀ ਤੌਰ ਉੱਤੇ ਗਲਤ ਮੰਨਿਆ ਜਾਂਦਾ ਹੈ। ਫੌਜ ਐਲਾਨ ਕਰ ਚੁੱਕੀ ਹੈ ਕਿ ਰਾਜਵੰਸ਼ ਦੀ ਰੱਖਿਆ ਉਸ ਦੇ ਲਈ ਸਭ ਤੋਂ ਉਪਰ ਹੈ। ਪਿਛਲੇ ਹਫਤੇ ਥਾਈਲੈਂਡ ਦੇ ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀ ਨੇਤਾਵਾਂ ਵਿੱਚੋਂ 12 'ਤੇ ਰਾਜਵੰਸ਼ ਦੀ ਮਾਣਹਾਨੀ ਕਰਨ ਨਾਲ ਸਬੰਧਤ ਇੱਕ ਸਖਤ ਕਾਨੂੰਨ ਦੀ ਉਲੰਘਣਾ ਕਰਨ ਦਾ ਕੇਸ ਦਰਜ ਕੀਤਾ ਹੈ।ਦੂਸਰੇ ਪਾਸੇ ਪ੍ਰਦਰਸ਼ਨਕਾਰੀਆਂ ਦਾ ਤਖਤਾ ਪਲਟ ਦਾ ਸ਼ੱਕ ਵੀ ਕਮਜ਼ੋਰ ਨਹੀਂ ਹੈ। ਇਸ ਤੋਂ ਪਹਿਲਾਂ 1977, 1991, 2006 ਅਤੇ 2014 ਵਿੱਚ



ਤਖਤੇ ਪਲਟ ਚੁੱਕੇ ਹਨ। ਜੇ ਸਰਕਾਰ ਨੂੰ ਲੱਗਦਾ ਹੈ ਕਿ ਉਹ ਪ੍ਰਦਰਸ਼ਨਾਂ 'ਤੇ ਕੰਟਰੋਲ ਨਹੀਂ ਕਰ ਰਹੀ ਹੈ ਤਾਂ ਉਹ ਮਾਰਸ਼ਲ ਲਾਅ ਲਾਗੂ ਕਰ ਸਕਦੀ ਹੈ ਜਾਂ ਫਿਰ ਫੌਜ ਸਰਕਾਰ ਦਾ ਤਖਤਾ ਪਲਟ ਕਰ ਸਕਦੀ ਹੈ।

## ਪਾਕਿਸਤਾਨ ਦੀ ਗੋਲਾਬਾਰੀ ਵਿੱਚ ਖਡੂਰ ਸਾਹਿਬ ਦੇ ਰਾਈਫਲਮੈਨ ਸਣੇ 2 ਜਵਾਨਾਂ ਦੀ ਮੌਤ



ਸ਼੍ਰੀਨਗਰ, 28 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨੀ ਫ਼ੌਜ ਵੱਲੋਂਕੱਲ੍ਹ ਸਵੇਰੇ ਜੰਗਬੰਦੀ ਦੀ ਇੱਕ ਹੋਰ ਉਲੰਘਣਾਦੇ ਦੌਰਾਨ ਭਾਰਤੀ ਫ਼ੌਜ ਦੇ 2 ਜਵਾਨ ਮਾਰੇ ਗਏ। ਇਸ ਦੌਰਾਨ ਪਿਛਲੇ 24 ਘੰਟਿਆਂ ਵਿੱਚ ਜੰਮੂ-ਕਸ਼ਮੀਰ ਵਿੱਚ ਵੱਖ-ਵੱਖ ਵਾਰਦਾਤਾਂ ਵਿੱਚ 5 ਜਵਾਨ ਮਾਰੇ ਗਏ ਹਨ। ਸੁੰਦਰਬਨੀ ਇਲਾਕੇ ਵਿੱਚ ਭਾਰਤੀ ਫ਼ੌਜ ਨੇ ਪਾਕਿਸਤਾਨ ਦੀ ਗੋਲੀਬਾਰੀ ਦੇ ਢੁਕਵਾਂ ਜਵਾਬ ਦਿੱਤਾ ਅਤੇ ਦੁਸ਼ਮਣ ਨੂੰ ਕਾਫ਼ੀ ਨੁਕਸਾਨ ਪਹੁੰਚਾਉਣ ਦਾ ਦਾਅਵਾ ਕੀਤਾ ਹੈ।

ਫ਼ੌਜ ਦੇ ਕਰਨਲ ਦਵਿੰਦਰ ਅਨੰਦ ਨੇ ਦੱਸਿਆ ਜ਼ਿਲਾ ਰਾਜੌਰੀ ਦੇ ਸੁੰਦਰਬਨੀ ਸੈਕਟਰ ਵਿੱਚ ਪਾਕਿਸਤਾਨੀ ਫ਼ੌਜ ਨੇ ਸਵੇਰੇ 5.30ਵਜੇ ਭਾਰੀ ਗੋਲੀਬਾਰੀ ਨਾਲ ਭਾਰਤੀ ਫ਼ੌਜ ਦੀਆਂ ਅਗਾਊਂ ਚੌਕੀਆਂ ਨੂੰ ਨਿਸ਼ਾਨਾ ਬਣਾਇਆ। ਭਾਰਤੀ ਫ਼ੌਜ ਵੱਲੋਂ ਜਵਾਬ ਦੇਣ ਉੱਤੇ ਪਾਕਿਸਤਾਨ ਨੇ ਸ਼ੈਲਿੰਗ ਸ਼ੁਰੂ ਕਰ ਦਿੱਤੀ, ਜਿਸ ਦੀ ਲਪੇਟ ਵਿੱਚ ਫ਼ੌਜ ਦੇ ਤਿੰਨ ਜਵਾਨ ਆਣ ਕੇ ਗੰਭੀਰ ਜ਼ਖ਼ਮੀ ਹੋ ਗਏ। ਇਨ੍ਹਾਂ ਤਿੰਨਾਂ ਨੂੰ ਨੇੜੇ ਅਖਨੂਰ ਵਿੱਚ ਫ਼ੌਜੀ ਹਸਪਤਾਲ ਲੈ ਜਾਇਆ ਗਿਆ, ਜਿੱਥੇ ਰਾਈਫ਼ਲਮੈਨ ਸੁਖਬੀਰ ਸਿੰਘ ਅਤੇ ਨਾਇਕ ਪ੍ਰੇਮ ਬਹਾਦਰ ਖੱਤਰੀ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਦਮ ਤੋੜ ਗਏ। ਤੀਜੇ ਜਵਾਨ ਦਾ ਇਲਾਜ ਜਾਰੀ ਹੈ। ਸੁਖਬੀਰ ਸਿੰਘ ਪੰਜਾਬ ਦੇ ਜ਼ਿਲਾ ਤਰਨਤਾਰਨ ਦੇ ਖਡੂਰ ਸਾਹਿਬ ਇਲਾਕੇ ਦਾ ਵਸਨੀਕ ਸੀ, ਜਦਕਿ ਪ੍ਰੇਮ ਬਹਾਦਰ ਉਤਰ ਪ੍ਰਦੇਸ਼ ਦਾ ਵਸਨੀਕ ਸੀ। ਗ਼ੈਰ-ਸਰਕਾਰੀ ਸੂਤਰਾਂ ਅਨੁਸਾਰ ਸੁੰਦਰਬਨੀ ਸੈਕਟਰ ਵਿੱਚ ਪਾਕਿਸਤਾਨ ਫ਼ੌਜ ਦੀ ਮਦਦ ਪ੍ਰਾਪਤ ਅੱਤਵਾਦੀ ਗਰੁੱਪ 'ਬੈਟ ਐਕਸ਼ਨ ਟੀਮ' ਦਾ ਹੱਥ ਹੈ। ਟੀਮ ਨੇ ਸਰਹੱਦ ਦੇ ਅੰਦਰ ਵੜ ਕੇ ਭਾਰਤ ਦੀ ਇੱਕ ਅਗਾਊਂ ਚੌਕੀ ਉੱਤੇ ਤਿੰਨ ਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਇਨ੍ਹਾਂ ਉੱਤੇ ਆਧੁਨਿਕ ਹਥਿਆਰਾਂ ਨਾਲ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ। ਫ਼ੌਜ ਦੀ ਜਵਾਬੀ ਕਾਰਵਾਈ ਦੇ ਦੌਰਾਨ ਉਕਤ ਟੀਮ ਦੇ ਮੈਂਬਰ ਵਾਪਸ ਪਾਕਿਸਤਾਨੀ ਇਲਾਕੇ ਵਿੱਚ ਚਲੇ ਗਏ। ਫ਼ੌਜੀ ਬੁਲ-ਾਰੇ ਕਰਨਲ ਦਵਿੰਦਰ ਅਨੰਦ ਨੇ ਇਸ ਨੂੰ ਜੰਗਬੰਦੀ ਦੀ ਉਲੰਘਣਾ ਦਾ ਮਾਮਲਾ ਦੱਸ ਕੇ ਕਿਹਾ ਕਿ ਫ਼ੌਜ ਦੇ 3 ਜਵਾਨ ਪਾਕਿਸਤਾਨ ਦੀ ਗੋਲੀਬਾਰੀ ਦੌਰਾਨ ਜ਼ਖ਼ਮੀ ਹੋਏ ਸਨ, ਜਿਨ੍ਹਾਂ ਵਿੱਚੋਂ 2 ਦਮ ਤੋੜ ਗਏ।

ਵਰਨਣ ਯੋਗ ਹੈ ਕਿ ਪਿਛਲੇ 24 ਘੰਟਿਆਂ ਵਿੱਚ ਸੂਬੇ ਵਿੱਚ ਵੱਖ-ਵੱਖ ਵਾਰਦਾਤਾਂ ਵਿੱਚ 5 ਜਵਾਨ ਮਾਰੇ ਗਏ ਹਨ। ਕੱਲ੍ਹ ਪੁਣਛ ਦੇ ਕੇਰਨੀ ਸੈਕਟਰ ਵਿੱਚ ਫ਼ੌਜ ਦਾ ਸੂਬੇਦਾਰ ਵੀ ਮਾਰਿਆ ਗਿਆ, ਜਦਕਿ ਸ਼੍ਰੀਨਗਰ ਦੇ ਐਚ ਐਮ ਟੀ ਇਲਾਕੇ ਵਿੱਚ ਅੱਤਵਾਦੀ ਹਮਲੇ ਵਿੱਚ 2 ਫ਼ੌਜੀ ਜਵਾਨ ਮਾਰੇ ਗਏ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS · JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA · PIA · ETIHAD · KLM · Emirates · SWISS · BRITISH AIRWAYS · JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
ticoca · IATA
Call Us For Guaranteed Lowest Airfare
ANY Airline Time Destination Around the World
WESTJET vacations · transat Holidays · sunwing · AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com




## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2”, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11” ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10”, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5’8”, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8”, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5’11”, ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5’7”, ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ:

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3”, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5’-5”, MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5’3”, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4”, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜਟ ਸਿੱਖ ਲੜਕੀ, ਉਮਰ 29 ਸਾਲ , ਕੱਦ 5’5”, ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
Services:
• Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

You can Place Your Business Here
(905)793-2202
To Reach Wider Audience

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH
DIRECTOR
Member of ICCRC
Oath commissioner of Manitoba
Toronto: 149-2960 Drew Road, Misssissauga Winnipeg: 678 McphillipsStreet, Winnipeg



Other Realtors only Promise
But JAG AUJLA SOLD YOUR HOME WITH
GUARANTEE

Advertisement
GUARANTEED
Till SOLD

Top 1% Broker Ranked In*

Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010 **(2009,2008) **(2010) **(2014)
** Based on Commissions earned

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage
(Independently Owned and Operated)
Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ


## CALEDON




### ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

## BRAMPTON



### ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਏ। ਗਲਿਮੀਂਗ ਹਾਰਡਵੂਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON



### ਹਾਈਵੇ 10 / ਮੇਅਫਿਲਡ ਰੋਡ

ਬਰੈਂਪਟਨ ਵਿੱਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਘਰ। ਇਨ ਗਰਾਂਊਡ ਸਵਿਮਿੰਗ ਪੂਲ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। ਫਿਨੀਸ਼ਡ ਬੇਸਮੈਂਟ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। ਮੈਨ ਫਲੋਰ 9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਨਟਰ ਟਾਪ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਟੇਨਲੈਸ ਸਟੀਲ ਅਪਲਾਈਨਸੈਸ, ਅਤੇ ਬਰੇਕਫਾਸਟ ਏਰੀਆ ਪਿਛੇ ਬੈਕਯਾਰਡ ਵਿੱਚ ਬਣੇ ਪੂਲ ਨੂੰ ਜਾਂਦਾ ਹੈ। ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON



### ਵੈਨਕ੍ਰਿਕ / ਵੈਨਲੇਸ / ਸੈਂਡਲਵੂਡ

ਬਹੁਤ ਹੀ ਸੋਹਣਾ ਅਤੇ ਸ਼ਾਨਦਾਰ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਸੇਮੀ ਡੀਟੈਚਡ ਘਰ। ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਵਧੀਆ ਮੌਕਾ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਏਨਟਰੈਂਸ ਹੈ। ਦੂਜੀ ਫਲੋਰ 2019 ਵਿੱਚ ਲੈਮੀਨੇਟ ਕੀਤੀ ਹੈ। ਰੂਫ ਸ਼ਿੰਗਲ 2017 ਵਿੱਚ ਬਦਲਿਆ ਹੈ। ਵੂਡ ਸਟੇਅਰ ਕੇਸ ਅਤੇ ਬਹੁਤ ਹੀ ਸੋਹਣੀ ਈਟ ਈਨ ਕਿਚਨ ਜਿਸ ਵਿੱਚ ਡਿਸ਼ਵਾਸ਼ਰ ਹੈ ਅਤੇ ਬਰੈਕ ਫਾਸਟ ਏਰੀਏ ਤੋਂ ਤੁਸੀ ਪੇਟੀਓ ਵਿੱਚ ਜਾ ਸਕਦੇ ਹੋ।

## BRAMPTON




### ਕਵੀਨ ਸਟ੍ਰੀਟ / ਸੈਂਟ੍ਰਲ ਪਾਕਵੈ

ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੁਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜ਼ਟ; ਬਹੁਤ ਸਾਰੀ ਸਟੋਰੇਜ ਹਨ।



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

# ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777 416.802.5866

31 Melanie Dr. Unit #4 Brampton, ON L6T 5H8




### 2645 KIPLING AVE

ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।




### HWY 427/REXDALE

ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ।





### SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044









FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017